ਮਾਸਿਕ ੧ੳ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥
ਸੂਰਾ
ਲੁਧਿਆਣਾ
MONTHLY SURA LUDHIANA
SEPT. 98 ਸਤੰਬਰ ੯੮

# ਦੌਲਤੇ ਜਾਵੈਦ ਬਾਸ਼ਦ ਬੰਦਗੀ।।
# ਬੰਦਗੀ ਕੁਨ ਬੰਦਗੀ ਕੁਨ ਬੰਦਗੀ।। ੧੩।।

( ਭਾਈ ਨੰਦ ਲਾਲ ਸਿੰਘ ਜੀ)

ਭਜਨ ਸਦਾ ਥਿਰ ਰਹਿਣ ਵਾਲਾ ਧਨ ਹੈ।

(ਇਸ ਲਈ ਹੇ ਮਨੁੱਖ)

ਨਾਮ ਸਿਮਰ ਨਾਮ ਸਿਮਰ ਨਾਮ ਸਿਮਰ।

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਹਰਿ ਕੇ ਨਾਮ ਸਮਸਰਿ ਕਛੁ ਨਾਹਿ | ੧. | ੯. ਗੁਰੂ ਨਾਨਕ ਤੇ ਮਾਇਆਵਾਦ | ੨੨ |
| ੨.ਅਕਾਲ ਪੁਰਖ ਦੀ ਦਰਗਾਹ | ੪. | ੧੦.ਜੀਵਤ ਪਿਤਰ ਨ ਮਾਨੈ ਕੋਊ | ੨੬ |
| ੩.ਗੁਰਬਾਣੀ ਇਸੁ ਜਗ ਮਹਿ ਚਾਨਣੁ | ੭. | ੧੧.ਗੁਰੂ ਅੰਗਦ ਦੇਵ ਜੀ ਅਤੇ ਗੁਰੂ | |
| ੪.ਜਤ ਸਤ ਤੇ ਸਿੱਖੀ | ੧੧. | ਅਮਰਦਾਸ ਜੀ ਦੀ ਇਤਿਹਾਸਕ ਦੇਣ | ੨੭ |
| ੫.ਅੰਮ੍ਰਿਤ ਕਾ ਵਾਪਾਰੀ ਹੋਵੈ | ੧੩ | ੧੨.ਮਨ ਰੇ ਨਾਮ ਜਪਹੁ ਸੁਖੁ ਹੋਇ | ੨੯ |
| ੬.ਸਾਬਤਿ ਸੂਰਤਿ ਦਸਤਾਰ ਸਿਰਾ (ਕਵਿਤਾ) | ੧੫ | ੧੩.ਕੇਸ ਗੁਰੂ ਦੀ ਮੋਹਰ (ਕਵਿਤਾ) | ੩ |
| ੭.ਇਤਿਹਾਸ ਗੋਇੰਦਵਾਲ ਸਾਹਿਬ | ੧੬. | ੧੪.ਕੁਦਰਤ(ਕਵਿਤਾ) | ੩ |
| ੮.ਰੋਜ਼ਾਨਾ ਮਨੁੱਖੀ ਜੀਵਨ ਤੇ ਧਰਮ | ੨੦ | ੧੫.ਕਰਮ ਫਿਲਾਸਫ਼ੀ | ੩੩ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਪਾ: ੪ ਗੁਰਿਆਈ ਮਿਲੀ | ੪ ਸਤੰਬਰ | ਪਾ: ੧ ਜੋਤੀ ਜੋਤਿ ਸਮਾਏ | ੧੫ ਸਤੰਬ |
| ਪਾ: ੩ ਜੋਤੀ ਜੋਤਿ ਸਮਾਏ | ੬ ਸਤੰਬਰ | ਮੇਲਾ ਸ੍ਰੀ ਗੋਇੰਦਵਾਲ | ੬ ਸਤੰਬਰ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀ... ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ... ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ... ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ... ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ... ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕ...

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ | |
|---|---|---|---|
| | | ਹਵਾਈ ਡਾਕ | ਸਮੁਦੰਰੀ ਡਾਕ |
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ... ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ... ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਨੋਟ:- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲੱਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੯ ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੨
ਸਤੰਬਰ ੧੯੯੮
ਅੰਕ ੯

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਲਾਨਾ ਚੰਦਾ — ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ........੪੦੦ਰੁ:
ਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

Sura-Internet passward- WWW.SURA-INTERNATIONAL.COM.

## ਹਰਿ ਕੇ ਨਾਮ ਸਮਸਰਿ ਕਛੁ ਨਾਹਿ।।

ਸਲੋਕੁ- *ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।।*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।।੧।।*

-ਅਸਟਪਦੀ-

*ਜਾਪ ਤਾਪ ਗਿਆਨ ਸਭਿ ਧਿਆਨ।। ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।।*
*ਜੋਗ ਅਭਿਆਸ ਕਰਮ ਧ੍ਰਮ ਕਿਰਿਆ।। ਸਗਲ ਤਿਆਗਿ ਬਨ ਮਧੇ ਫਿਰਿਆ।।*
*ਅਨਿਕ ਪ੍ਰਕਾਰ ਕੀਏ ਬਹੁ ਜਤਨਾ।। ਪੁੰਨ ਦਾਨ ਹੋਮੇ ਬਹੁ ਰਤਨਾ।।*
*ਸਰੀਰੁ ਕਟਾਇ ਹੋਮੈ ਕਰਿ ਰਾਤੀ।। ਵਰਤ ਨੇਮ ਕਰੈ ਬਹੁ ਭਾਤੀ।।*
*ਨਹੀ ਤੁਲਿ ਰਾਮ ਨਾਮ ਬੀਚਾਰ।। ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ।।੧।।*
*ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ।। ਮਹਾ ਉਦਾਸੁ ਤਪੀਸਰੁ ਥੀਵੈ।।*
*ਅਗਨਿ ਮਾਹਿ ਹੋਮਤ ਪਰਾਨ।। ਕਨਿਕ ਅਸ੍ਵ ਹੈਵਰ ਭੂਮਿ ਦਾਨ।।*
*ਨਿਉਲੀ ਕਰਮ ਕਰੈ ਬਹੁ ਆਸਨ।। ਜੈਨ ਮਾਰਗ ਸੰਜਮ ਅਤਿ ਸਾਧਨ।।*
*ਨਿਮਖ ਨਿਮਖ ਕਰਿ ਸਰੀਰੁ ਕਟਾਵੈ।। ਤਉ ਭੀ ਹਉਮੈ ਮੈਲੁ ਨ ਜਾਵੈ।।*
*ਹਰਿ ਕੇ ਨਾਮ ਸਮਸਰਿ ਕਛੁ ਨਾਹਿ।। ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ।।੨।।*
*ਮਨ ਕਾਮਨਾ ਤੀਰਥ ਦੇਹ ਛੁਟੈ।। ਗਰਬੁ ਗੁਮਾਨੁ ਨ ਮਨ ਤੇ ਹੁਟੈ।।*
*ਸੋਚ ਕਰੈ ਦਿਨਸੁ ਅਰੁ ਰਾਤਿ।। ਮਨ ਕੀ ਮੈਲੁ ਨ ਤਨ ਤੇ ਜਾਤਿ।।*
*ਇਸੁ ਦੇਹੀ ਕਉ ਬਹੁ ਸਾਧਨਾ ਕਰੈ।। ਮਨ ਤੇ ਕਬਹੂ ਨ ਬਿਖਿਆ ਟਰੈ।।*
*ਜਲਿ ਧੋਵੈ ਬਹੁ ਦੇਹ ਅਨੀਤਿ।। ਸੁਧ ਕਹਾ ਹੋਇ ਕਾਚੀ ਭੀਤਿ।।*
*ਮਨ ਹਰਿ ਕੇ ਨਾਮ ਕੀ ਮਹਿਮਾ ਊਚ।। ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ।।੩।।*
*ਬਹੁਤੁ ਸਿਆਣਪ ਜਮ ਕਾ ਭਉ ਬਿਆਪੈ।। ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ।।*
*ਭੇਖ ਅਨੇਕ ਅਗਨਿ ਨਹੀ ਬੁਝੈ।। ਕੋਟਿ ਉਪਾਵ ਦਰਗਹ ਨਹੀ ਸਿਝੈ।।*
*ਛੂਟਸਿ ਨਾਹੀ ਊਭ ਪਇਆਲਿ।। ਮੋਹਿ ਬਿਆਪਹਿ ਮਾਇਆ ਜਾਲਿ।।*
*ਅਵਰ ਕਰਤੂਤਿ ਸਗਲੀ ਜਮੁ ਡਾਨੈ।। ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ।।*
*ਹਰਿ ਕਾ ਨਾਮੁ ਜਪਤ ਦੁਖੁ ਜਾਇ।। ਨਾਨਕ ਬੋਲੈ ਸਹਜਿ ਸੁਭਾਇ ।।੪।।(੮।।੩)*

(ਗਉੜੀ ਸੁਖਮਨੀ ਮ:੫, ਪੰਨਾ ੨੬੫।।੬੬)


www.AKJ.Org

ਵਿਆਖਿਆ- ਬਥੇਰੇ ਸ਼ਾਸਤ੍ਰ ਅਤੇ ਬਥੇਰੀਆਂ ਸਿਮ੍ਰਿਤੀਆਂ, ਹਿੰਦੂਆਂ ਦੀਆਂ ਮੁਖ ਧਰਮ ਪੁਸਤਕਾਂ, ਸਾਰੇ ਹੀ ਹਿੰਦੂ ਮਤ ਦੇ ਧਰਮ ਪੁਸਤਕਾਂ ਪੜਤਾਲ ਕੇ ਪੜਚੋਲ ਕੇ ਸੋਧ ਡਿਠੇ ਹਨ। ਏਹਨਾਂ ਆਨਮਤ ਧਰਮ ਪੁਸਤਕਾਂ ਅੰਦਰਿ ਵਿਦਤਾਏ ਕਰਨ ਯੋਗ ਕਰਮ ਗੁਰੂ ਨਾਨਕ ਦਰਸਾਏ ਗੁਰਮਤਿ ਨਾਮ ਤੁਲਿ ਪਾਸੰਗ ਮਾਤਰ ਭੀ ਨਹੀਂ ਪੁਜਦੇ। ਗੁਰਮਤਿ ਨਾਮ ਕਰਮ ਬਹੁਤ ਹੀ ਅਮੋਲ ਹੈ। ਐਸਾ ਵਡਮੁੱਲਾ ਹੈ ਕਿ ਇਸ ਦਾ ਮੁੱਲ ਪੈ ਹੀ ਨਹੀਂ ਸਕਦਾ। ਅੱਤ ਅਮੋਲ ਹੈ। ਜਿਸ ਦੀ ਕੀਮਤਿ, ਜਿਸ ਦਾ ਮੁੱਲ ਪੈ ਹੀ ਨਹੀਂ ਸਕਦਾ।

(ਅਸਟਪਦੀ) ਹੁਣ ਆਨਮਤ ਕਰਮਾਂ ਦਾ ਵਿਸਥਾਰ ਦਸਦੇ ਹਨ। ਆਨਮਤ ਧਰਮਾਂ ਦੇ ਧਰਮਾਏ ਜਿਤਨੇ ਭੀ ਜਾਪ ਤਾਪ ਆਦਿਕ ਹਠ ਕਰਮ ਹਨ ਅਤੇ ਜਿਤਨੇ ਭੀ ਸ਼ੁਸ਼ਕ (ਫੋਕੇ) ਢਕੌਸਲਿਆਂ ਵਾਲੇ ਚੁੰਚ ਗਿਆਨ ਗਿਆਨਾਉਣ ਲਈ ਬਿਆਨੇ ਗਏ ਹਨ ਜਿਤਨੇ ਭੀ ਸਹਸ ਸਿਆਣਪੀ ਅਤੇ ਅਲਪਗ ਮਤੀ ਧਿਆਨ (meditations)ਧਿਆਉਣ ਲਈ ਵਖਾਣੇ ਗਏ ਹਨ ਏਹਨਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿਕ ਪੁਸਤਕਾਂ ਅੰਦਰ, ਸਾਰੇ ਹੀ ਖਟ (ਛੇ) ਸ਼ਾਸਤ੍ਰਾਂ ਸਿਮ੍ਰਿਤੀਆਂ ਦੇ ਵਖਿਆਨ ਜਿਤਨੇ ਭੀ ਜੋਗ ਅਭਿਆਸ ਕਰਮ ਕਿਰਿਆ ਧਰਮ ਹਨ ਅਤੇ ਜਿਤਨੇ ਭੀ ਗ੍ਰਿਸਤ ਕੁਟੰਬ ਨੂੰ ਤਿਆਗ ਕੇ ਬਨਾਂ ਜੰਗਲਾਂ ਵਿਚਿ ਭਉਂਦੇ ਫਿਰਨ ਦੇ ਸਗਲੇ ਸੰਨਿਆਸ ਕਰਮ ਹਨ, ਜਿਤਨੇ ਭੀ ਅਨਿਕ ਪ੍ਰਕਾਰ ਦੇ ਜਤਨ ਸੰਜਮ ਹਨ ਇੰਦਰੇ ਇੰਦਰੀਆਂ ਨੂੰ ਰੋਕਣ ਦਮਨ ਕਰਨ ਦੇ ਅਤੇ ਜਿਤਨੇ ਭੀ ਬਹੁ ਰਤਨਾਂ ਨੂੰ ਅਰਪ ਕੇ ਪੁੰਨ ਦਾਨ ਕਰਨ ਵਾਲੇ ਕਿਰਿਆ ਕਰਮ ਹਨ, ਐਥੋਂ ਤਾਈਂ ਕਿ ਸਰੀਰ ਨੂੰ ਰੱਤੀ ਰੱਤੀ ਕਰ ਕੇ ਕਟਾਉਣ ਅਤੇ ਕਟਾ ਕੇ ਹੋਮਣ (ਹੋਮ ਵਿਚਿ ਪਾਉਣ) ਵਾਲੀਆਂ ਕੁਰਬਾਨੀਆਂ ਦੇ ਕਰਮ ਹਨ, ਅਤੇ ਜਿਤਨੇ ਭੀ ਬਹੁ ਬਹੁ ਭਾਂਤ ਦੇ ਨੇਮ ਰਖਣ ਦੇ ਆਨਮਤ ਸਿਧਾਂਤੀ ਸੰਜਮ ਹਨ, ਇਹ ਸਾਰੇ ਉਪਰ ਕਥੇ ਕਰਮ ਧਰਮ ਕਿਰਿਆ ਸੰਜਮ ਜਿਤਨੇ ਭੀ ਹਨ ਮਿਲ ਕੇ ਉਸ ਗੁਰਮਤਿ ਨਾਮ ਦੀ ਤੁਲਨਾ ਨਹੀਂ ਰਖਦੇ ਜੋ ਗੁਰੂ ਨਾਨਕ ਦੇ ਘਰ ਦੇ ਗੁਰਮੁਖ ਜਨ ਕੇਵਲ ਇਕ ਅਭਿਆਸ ਕਮਾਈ (ਇਕ ਵਾਰ ਨਾਮ ਜਪ) ਦਾ ਫਲ ਉਪਰ ਦਸੇ ਸਾਰੇ ਆਨਮਤ ਕਰਮਾਂ ਨੂੰ ਕ੍ਰੋੜਾਂ ਬਾਰ ਕਰਨ ਦੇ ਫਲਾਂ ਤੋਂ ਅਧਿਕ ਵਧੇਰਾ ਅਤੇ ਵਡੇਰਾ ਹੈ॥੧॥

ਫੇਰ ਭਾਵੇਂ ਕੋਈ ਆਨਮਤ ਕਰਮੀ ਪੁਰਸ਼ ਨਉਖੰਡ ਪ੍ਰਿਥਵੀ ਵਿਖੇ ਭਉਂ ਭਉਂ ਭ੍ਰਮਿ ਥਕੇ, ਭਾਵੇਂ ਕੋਈ ਚਿਰੰਕਾਲ ਜੀਵਨ ਦੀ ਜੀਵਨੀ ਆਯੁ (ਉਮਰ) ਵਧਾ ਲਵੇ, ਭਾਵੇਂ ਕੋਈ ਮਹਾਂ ਉਦਾਸ ਕਰਮ ਵਾਲਾ ਉਦਾਸੀ ਹੋ ਕੇ ਅਤੇ ਉਗਰ ਤਪ ਕਰਨ ਵਾਲਾ ਤਪੀਸ਼ਰ ਹੋਵੇ ਅਤੇ ਮਹਾਂ ਮੋਨ ਸਾਧਣ ਵਾਲਾ ਮੁਨੀਸ਼ਰ ਹੋਵੇ, ਅਤੇ ਬਹੁ ਆਸਣਾਂ ਨੂੰ ਜਮਾ ਕੇ ਭਾਵੇਂ ਕੋਈ ਨਿਉਲੀ ਕਰਮ ਕਮਾਵਣਹਾਰਾ ਪਰਸਿਧ ਕਰਮੀਸ਼ਰ ਹੋਵੇ, ਅਤੇ ਜੈਨ ਮਾਰਗੀ ਸੰਜਮ ਸਾਧਣਹਾਰਾ ਭਾਵੇਂ ਕੋਈ ਕਿਤਨਾ ਵਡਾ ਸੰਜਮੀਸ਼ਰ ਹੋਵੇ ਅਤੇ ਕੋਈ ਨਿਮਖ ਨਿਮਖ ਕਰ ਕੇ (ਪੁਰਜ਼ਾ ਪੁਰਜ਼ਾ ਕਰ ਕੇ) ਸਰੀਰ ਕਟਾਉਣ ਵਾਲਾ ਹਠ ਹਠੀਸ਼ਰ ਹੋਵੇ, ਏਤਨੇ ਸਾਰੇ ਕਰਮ ਕਰਨਹਾਰਿਆਂ ਦੀ ਹਉਮੈ ਮੈਲ ਫੇਰ ਭੀ ਨਹੀਂ ਜਾਂਦੀ। ਤਾਂਤੇ ਨਾਮ ਦੀ ਸਮਸਰੀ (ਬਰਾਬਰੀ) ਤਸੂ ਮਾਤਰ ਭੀ ਏਹ ਉਪਰ ਦਸੇ ਸਾਰੇ ਕਰਮ ਨਹੀਂ ਰਖਦੇ। ਨਾਹੀਂ ਏਹਨਾਂ ਅਨੇਕਾਂ ਕਰਮਾਂ ਦੇ ਕੀਤਿਆਂ ਕਿਸੇ ਭੀ ਪ੍ਰਾਣੀ ਦੀ ਗਤਿ ਕਲਿਆਣ ਹੁੰਦੀ ਹੈ। ਪ੍ਰੰਤੂ ਗੁਰੂ ਨਾਨਕ ਦੇ ਘਰ ਦਾ ਦਰਸਾਇਆ ਹੋਇਆ ਗੁਰਮਤਿ ਨਾਮੁ ਅਭਿਆਸ ਕਰਮੁ ਕੋਟਾਨ ਕੋਟ ਪ੍ਰਾਣੀਆਂ ਦੀ, ਹਰ ਇਕ ਪ੍ਰਾਣੀ ਮਾਤਰ ਦੀ ਗਤਿ ਕਲਿਆਣ ਕਰਨ ਨੂੰ ਸਮਰੱਥ ਹੈ। ਗੁਰੂ ਬਾਬੇ ਨਾਨਕ, ਸੱਚੇ ਸਤਿਗੁਰੂ ਗੁਰੂ ਨਾਨਕ ਸਾਹਿਬ ਦੇ ਘਰ ਦੇ ਅਨੇਕਾਂ ਅਣਗਿਣਤ ਅਧਿਕਾਰੀ ਜਗਿਆਸੂ ਜਨ ਗੁਰਮਤਿ ਨਾਮ ਨੂੰ ਜਪਿ ਜਪਿ ਕੇ ਤਰ ਗਏ ਹਨ। ਭਵਜਲੋਂ ਪਾਰ ਤਰ ਗਏ ਹਨ। ਅਣਗਿਣਤ ਹੀ ਤੱਤ ਗਤੀ ਕਲਿਆਣ ਤਰਨੀ ਤਰ ਗਏ ਹਨ। ਅਣਗਿਣਤ ਹੀ ਅਗੇ ਨੂੰ ਤਰਦੇ ਰਹਿਣਗੇ ॥੨॥

ਆਨਮਤਿ ਕਰਮ ਕਰਨਹਾਰਿਆਂ ਦੀ ਭਾਵੇਂ ਤੀਰਥਾਂ ਉਤੇ ਦੇਹ ਛੁਟਣ ਦੀ ਮਨੋ ਕਾਮਨਾ ਭੀ ਪੂਰੀ ਹੋ ਜਾਵੇ ਤਾਂ ਭੀ ਓਹਨਾਂ ਦੇ ਮਨ ਦਾ ਗਰਬ ਗੁਮਾਨ ਨਹੀਂ ਹੁੱਟਦਾ ਹੁੱਸਦਾ। ਸਗੋਂ ਏਸੇ ਗਰਬ ਗੁਮਾਨ ਦੇ ਬੱਧੇ ਹੋਏ ਅਗੇ ਨੂੰ ਅਨਿਕ ਜੋਨੀਆਂ ਵਿਚਿ ਭ੍ਰਮਿ ਭ੍ਰਮਿ ਚੋਟਾਂ ਖਾਂਦੇ ਹਨ। ਆਨਮਤੀ ਕਰਮ-ਕਾਂਡੀ ਪੁਰਸ਼, ਝੂਠੀਆਂ ਗਰਬ ਗਰੂਠੀਆਂ ਸੁੱਚਮਤਾਈਆਂ ਭਾਵੇਂ ਕਿਤਨੀਆਂ ਹੀ


www.AKJ.Org

ਕਰੇ, ਦਿਨੇ ਰਾਤਿ ਕਰਦਾ ਹੀ ਰਹੇ, ਪਰ ਮਨ ਦੀ ਗਰਬ ਗੁਮਾਨ ਮੈਲ ਜੋ ਓਹਨਾਂ ਦੇ ਸੂਖਮ ਸਰੀਰ ਨੂੰ ਲਗੀ ਹੋਈ ਹੈ, ਉਹ ਜਾਂਦੀ ਨਹੀਂ। ਤਨ ਨਾਲਿ ਹੀ ਚਿੰਮੜੀ ਰਹਿੰਦੀ ਹੈ। ਇਸ ਦੇਹੀ ਨੂੰ ਸਾਧਣ ਦੀਆਂ ਭਾਵੇਂ ਕਿੰਨੀਆਂ ਬਾਹਰਲੀਆਂ ਹਠ-ਕਰਮਾਵੀ ਸਾਧਨਾਵਾਂ ਕੋਈ ਕਰੇ ਅਤੇ ਦਿਨ ਰਾਤ ਕਰਦਾ ਹੀ ਰਹੇ, ਉਸ ਦੇ ਮਨ ਤੋਂ ਬਿਖਿਆਵੀ ਬਲਾ ਕਦੇ ਨਹੀਂ ਟਲਦੀ। "ਵਰਮੀ ਮਾਰੀ ਸਾਪੁ ਨ ਮਰਈ", "ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ"। ਜਿਵੇਂ ਖੁੱਡ ਵਰਮੀ ਨੂੰ ਕੁੱਟਿਆਂ ਵਿਚਲਾ ਸਰਪ ਨਹੀਂ ਮਰਦਾ ਤਿਵੇਂ ਬਾਹਰਲੇ ਭੇਖ ਦੇ ਹਠ ਕਰਮਾਂ ਦੁਆਰਾ ਦੇਹੀ ਨੂੰ ਕਸ਼ਟ ਦਿਤਿਆਂ ਮਨ ਨਹੀਂ ਮਰਦਾ। ਨਾ ਹੀ ਰੱਬ ਮਿਲਦਾ ਹੈ। ਇਕੁਰ ਦੇ ਮਨ-ਆਏ ਹਠ-ਕਰਮ ਨਿਗੁਰੇ ਪੁਰਸ਼ ਕਮਾਉਂਦੇ ਹਨ। ਮਨ ਵਿਚਿ ਤਾਂ ਅਨੀਤੀ ਬਦਨੀਤੀ ਵਾਲੀ ਕਪਟ ਕੁਟਲਤਾ ਭਰੀ ਹੋਈ ਹੋਵੇ ਅਤੇ ਦਿਖਾਵੇ ਮਾਤਰ ਦੇਹੀ ਨੂੰ ਜਲ ਨਾਲ ਧੋਵੇ ਤੇ ਲੋਕਾਂ ਨੂੰ ਨਹਾ ਨਹਾ ਕੇ ਦਿਖਾਵੇ, ਇਉਂ ਨਿਰੇ ਕਪਟ ਜਲ ਨਾਲ ਧੋਤਿਆਂ ਇਹ ਦੇਹੀ ਰੂਪੀ ਕਚੀ ਕੰਧ ਕਦੋਂ ਸੁਧ ਹੁੰਦੀ ਹੈ? ਅਰਥਾਤ ਕਦੰਤ ਭੀ ਸੁੱਧ ਨਹੀਂ ਹੁੰਦੀ। ਏਹਨਾਂ ਕਪੋਲ ਕਲਪਤ ਕਰਮਾਂ ਦੇ ਮੁਕਾਬਲੇ ਵਿਚਿ ਵਾਹਿਗੁਰੂ ਦੇ ਨਾਮ ਦੀ ਮਹਿਮਾ ਬੜੀ ਹੀ ਉਚੀ ਹੈ। ਗੁਰੂ ਨਾਨਕ ਦੇ ਘਰ ਦੀ ਬਖਸ਼ਸ਼ ਵਾਲੇ ਗੁਰਮਤਿ ਨਾਮ ਦੀ ਜਪਨ ਜਪ ਕਰਮ ਕਮਾਈ ਕਰ ਕੇ ਬੜੇ ਪਾਪੀ ਪਤਿਤ ਪੁਰਸ਼ ਬੇਅੰਤ ਹੀ ਤਰ ਉਧਰ ਗਏ ਹਨ। ਬੇਅੰਤ ਹੀ ਬੜੇ ਬੜੇ ਪਤਿਤਾਂ ਪਾਪੀਆਂ ਦਾ ਉਧਾਰੁ ਹੋ ਗਿਆ ਹੈ। ਪ੍ਰੰਤੂ ਅਨੇਕਾਂ ਉਪਰ ਕਥੇ ਸਾਰੇ ਦੇ ਸਾਰੇ ਆਨਮਤ ਕਰਮਾਂ ਦੇ ਕੀਤਿਆਂ ਅਜ ਤਾਈਂ ਕਿਸੇ ਭੀ ਪਤਿਤ ਅਤੇ ਪਾਪੀ ਪੁਰਸ਼ ਦਾ ਉਧਾਰ ਨਹੀਂ ਹੋਇਆ, ਨਾ ਹੋਵੇਗਾ ॥੩॥

ਬਹੁਤੇ ਸਿਆਣਪਾਂ ਵਾਲੇ ਕਰਮਾਂ ਦੇ ਕੀਤਿਆਂ ਸਗੋਂ ਜਮ ਦਾ ਭਉ ਵਿਆਪ ਜਾਂਦਾ ਹੈ। ਕਿਉਂਕਿ ਚਤੁਰਾਈ ਸਿਆਣਪ ਨਾਲਿ ਨੇਕਨੀਯਤੀ ਨਸ਼ਟ ਹੋ ਜਾਂਦੀ ਹੈ। ਆਨਮਤ ਨੇਸਤੋ ਨਾਬੂਦ ਹੋ ਜਾਂਦੀ ਹੈ। ਆਨਮਤ ਕਰਮਾਂ ਸੰਦੇ ਭਾਵੇਂ ਕੋਈ ਕ੍ਰੋੜਾਂ ਜਤਨ ਕਰੇ, ਪ੍ਰੰਤੂ ਤ੍ਰਿਸ਼ਨਾਲੂ ਪੁਰਸ਼ ਦੀ ਤ੍ਰਿਸ਼ਨਾ ਨਹੀਂ ਮਿਟਦੀ। ਤ੍ਰਿਸ਼ਨਾਲੂ ਪੁਰਸ਼ ਨੂੰ ਕਦੇ ਰੱਜ ਨਹੀਂ ਆਉਂਦਾ। ਉਸ ਦਾ ਤਿਸ਼ਨਾ ਦੀ ਭੁੱਖ ਵਾਲਾ ਮਨੂਆ ਕਦੇ ਧ੍ਰਾਪਦਾ (ਰਜਦਾ) ਹੀ ਨਹੀਂ। ਜਿਉਂ ਜਿਉਂ ਉਹ ਤ੍ਰਿਸ਼ਨਾਵੀ ਭੁੱਖ ਨੂੰ ਧ੍ਰਾਪਣ ਦਾ ਯਤਨ ਕਰਦਾ ਹੈ ਤਿਉਂ ਤਿਉਂ ਉਸ ਦੀ ਤ੍ਰਿਸ਼ਨਾ ਹੋਰ ਵਧੇਰੇ ਵਧਦੀ ਜਾਂਦੀ ਹੈ। ਅਨੇਕਾਂ ਆਨਮਤ ਭੇਖਾਂ ਦੇ ਕੀਤਿਆਂ ਅਤੇ ਭੇਖੀ ਕਰਮਾਂ ਦੇ ਕਮਾਇਆਂ ਹਿਰਦੇ ਦੀ ਤ੍ਰਿਸ਼ਨਾ ਅਤੇ ਦੁਬਿਧਾ ਮਈ ਅਗਨੀ ਨਹੀਂ ਬੁਝਦੀ। ਅਤੇ ਆਨੱਮਤ ਕਰਮਾਂ ਸੰਦੇ ਅਨੇਕਾਂ ਉਪਾਵਾਂ ਦੇ ਕਰਮ ਕਰਿ ਭੀ ਉਸ ਦੀ ਸੱਚੀ ਦਰਗਾਹ ਅੰਦਰਿ ਪੂਰੀ ਨਹੀਂ ਪੈਂਦੀ। ਉਹ ਪੂਰਾ ਨਹੀਂ ਉਤਰਦਾ। ਏਹਨਾਂ ਆਨੱਮਤ ਕਰਮੀ ਉਪਾਵਾਂ ਦੁਆਰਾ ਉਸ ਦੀ ਅਗੇ ਹਰਿ ਦਰਗਾਹੇ ਜਾ ਕੇ ਸੁਰਖ਼ਰੂਈ ਨਹੀਂ ਹੁੰਦੀ। ਉਪਰ ਨੂੰ ਬਾਹਾਂ ਕਰ ਕੇ ਖੜੋਤੇ ਰਹਿਣ ਅਤੇ ਬ੍ਰਿਛਾਂ ਤੇ ਚੜ੍ਹ ਕੇ ਟੰਗਾਂ ਨੂੰ ਟੰਗ ਕੇ ਹੇਠਾਂ ਨੂੰ ਲਮਕਣ ਵਾਲੇ ਊਭ ਪਇਆਲੀ ਕਰਮਾਂ ਦੇ ਕਰਨ ਕਰਿ ਕੋਈ ਨਹੀਂ ਛੁਟਦਾ (ਚੁਰਾਸੀ ਦੇ ਗੇੜ ਚੋਂ, ਕਿਸੇ ਦਾ ਭੀ ਛੁਟਕਾਰਾ ਨਹੀਂ ਹੁੰਦਾ, ਨਾ ਹੋਵੇਗਾ। ਉਸ ਪਾਖੰਡੀ ਦੇ ਊਭ ਪਇਆਲੀ (ਪੁੱਠੇ ਸਿਧੇ ਹੋਣ ਵਾਲੇ) ਕਰਮ ਕੀ ਕਰਨਗੇ ਜਦੋਂ ਉਸ ਦਾ ਹਿਰਦਾ ਤਾਂ ਮਾਇਆਵੀ ਅਤੇ ਮੋਹ-ਮਮਤਾਵੀ ਕਟੰਬ ਦੇ ਜਾਲ ਨਾਲਿ ਜਕੜਿਆ ਪਿਆ ਹੈ। ਹੋਰ ਸਾਰੀ ਕਰਮ-ਕਰਤੂਤ ਨੂੰ ਅਤੇ ਆਨ ਸਗਲੇ ਕਰਮ-ਕਰਤੂਤੀਆਂ ਨੂੰ ਜਮੁ ਡੰਨ ਲਾਉਂਦਾ ਹੈ, ਸਜ਼ਾ ਦਿੰਦਾ ਹੈ। ਇਕ ਗੋਬਿੰਦ ਭਜਨ ਨੂੰ ਅਤੇ ਗੋਬਿੰਦ ਦੇ ਭਜਨ ਕਰਨ ਵਾਲਿਆਂ ਨੂੰ ਸਜ਼ਾ ਨਹੀਂ ਦਿੰਦਾ, ਦੇ ਹੀ ਨਹੀਂ ਸਕਦਾ। ਭਜਨ ਕਰਮੁ ਹੀ ਸਫ਼ਾਰਸ਼ ਰੂਪ ਹੈ। ਹੋਰ ਕਰਮ ਕਰਨਹਾਰਿਆਂ ਦੇ ਕਰਮਾਂ ਦੀ ਸਫ਼ਾਰਸ਼(ਸ਼ਾਹਦੀ) ਉਹ (ਜਮ) ਮੰਨਦਾ ਹੀ ਨਹੀਂ। ਗੋਬਿੰਦ ਭਜਨ ਬਿਨ ਤਿਲ ਮਾਤਰ ਭੀ ਕੋਈ ਸਫ਼ਾਰਸ਼ ਉਸ ਨੂੰ ਮਨਜ਼ੂਰ ਨਹੀਂ, ਤਿਲ ਮਾਤਰ ਭੀ ਮਨਜ਼ੂਰ ਨਹੀਂ। ਵਾਹਿਗੁਰੂ ਦਾ ਨਾਮ ਜਪਣ ਕਰਕੇ ਸਗਲਾ ਦੁਖ ਜਮ ਦਾ ਤੇ ਜੰਮਣ ਮਰਨ ਦਾ ਦੂਰ ਕਾਫ਼ੂਰ ਹੋ ਜਾਂਦਾ ਹੈ। ਗੁਰੂ ਨਾਨਕ ਦੇ ਘਰ ਦੀ ਦਿਤੀ ਹੋਈ ਸਹਿਜ-ਸੁਖੇਨੀ ਗੁਰਮਤਿ ਜੁਗਤੀ ਦੁਆਰਾ ਨਾਮ-ਸੁਭਾਖਿਆ ਅਭਿਆਖਿਆ ਹੋਇਆ ਬੋਲਿਆ ਹੋਇਆ ਸਦਾ ਕਾਰਗਰ ਅਤੇ ਸਫਲਾ ਹੁੰਦਾ ਹੈ। ਕਦੇ ਆਹਲਾ (ਖਾਲੀ) ਨਹੀਂ ਜਾਂਦਾ।


www.AKJ.Org

## ਅਕਾਲ ਪੁਰਖ ਦੀ ਦਰਗਾਹ

(ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਮਨ ਬਚਨ ਕਰਮ ਕਰ ਸਾਸਿ ਸਾਸਿ ਸਿਮਰਿਆ ਸੰਮਾਲਿਆ ਹੋਇਆ ਵਾਹਿਗੁਰੂ ਨਾਮ ਲੋਕ ਪਰਲੋਕ ਵਿਖੇ ਸਹਾਈ ਹੁੰਦਾ ਹੈ। ਅਤੇ ਜਿਥੇ ਭੀ ਆਰਾਧਿਆ ਜਾਵੇ ਤਿਥੇ ਹੀ ਰਖਵਾਲਾ ਹੁੰਦਾ ਹੈ। ਗੁਰਵਾਕ-

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਸਾਸਿ ਸਾਸਿ ਸਮਾਲੇ॥ ਇਹ ਲੋਕਿ ਪਰਲੋਕਿ ਸੰਗਿ ਸਹਾਈ, ਜਤ ਕਤ ਮੋਹਿ ਰਖਵਾਲੇ॥

(ਧਨਾਸਰੀ ਮ:੫, ਪੰਨਾ ੬੭੯)

ਵਾਹਿਗੁਰੂ ਸਿਮਰਨਹਾਰੇ ਜਨ, ਵਾਹਿਗੁਰੂ ਦਾ ਨਿਹਚਲ ਧਾਮ ਪਾਇ ਲੈਂਦੇ ਹਨ। ਅਤੁਟ ਸਿਮਰਨ-ਸਲਾਹ ਦੇ ਤੁਫ਼ੈਲ ਤਿਨ੍ਹਾਂ ਦੇ ਜਮਕਾਲ ਨਿਕਟ ਨਹੀਂ ਆਉਂਦਾ। ਐਸੇ ਨਿਹਚਲ-ਧਾਮੀਆਂ ਸਾਧਾਂ-ਸੰਤਾਂ ਗੁਰਮੁਖਾਂ, ਗੁਰਸਿਖਾਂ ਦੀ ਸੰਗਤ ਮੁਕਤ-ਦਾਤੀ ਅਤੇ ਬੈਕੁੰਠ ਦਿਵਾਵਣ-ਹਾਰੀ ਹੈ।

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ, ਨਿਕਟਿ ਨ ਆਵੈ ਜਾਮ॥ ਮੁਕਤਿ ਬੈਕੁੰਠ ਸਾਧ ਕੀ ਸੰਗਤ, ਜਨ ਪਾਇਓ ਹਰਿ ਕਾ ਧਾਮ॥

(ਧਨਾਸਰੀ ਮ:੫, ਪੰਨਾ ੬੮੨)

ਕ੍ਰਿਪਾ ਸਿੰਧ ਵਾਹਿਗੁਰੂ ਦੀ ਸੇਵਾ ਸਿਮਰਨ ਕੀਤਿਆਂ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੋ ਕਰਿ ਦੋਵੇਂ ਲੋਕ ਸੁਹੇਲੇ ਹੁੰਦੇ ਹਨ।

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ, ਦੋਵੈ ਸੁਹੇਲੇ ਲੋਕ॥

(ਪੰਨਾ ੬੮੨)

ਗੋਬਿੰਦ ਦਾ ਨਾਮ ਸਦ ਸਦਾ ਲੈਣ ਕਰਕੇ ਅਤੇ ਨਿਤਪ੍ਰਤਿ ਸਿਮਰਨ-ਸੇਵਾ ਵਿਖੇ ਤੱਤਪਰ ਹੋਇਆਂ ਹਲਤ ਵਿਖੇ ਵੀ ਸਚੇ ਸੁਖ ਦੀ ਲਭਤਾ ਹੁੰਦੀ ਹੈ ਅਤੇ ਪਲਤ ਵਿਖੇ ਵੀ ਪ੍ਰਮਾਰਥੀ ਸੁਖ ਹਾਸਲ ਹੁੰਦਾ ਹੈ। ਚਿਰਾਣੇ ਕਮਾਣੇ ਸਭ ਮਿਟ ਜਾਂਦੇ ਹਨ। ਐਸਾ ਗੁਰੂ ਘਰ ਦੀ ਸਾਧ ਸੰਗਤ ਦਾ ਪਰਤਾਪ ਹੈ। ਮੋਇਆਂ ਮਨੂਰ ਹੋਇਆਂ ਨੂੰ ਜੀਵਨ-ਪਦਵੀ ਮਿਲਦੀ ਹੈ। ਗੁਰਵਾਕ-

ਹਲਤਿ ਸੁਖੁ ਪਲਤਿ ਸੁਖੁ, ਨਿਤ ਸੁਖੁ ਸਿਮਰਨੋ, ਨਾਮੁ ਗੋਬਿੰਦ ਕਾ ਸਦਾ ਲੀਜੈ॥ ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ॥੨॥

(ਧਨਾਸਰੀ ਮ:੫, ਪੰਨਾ ੬੮੩)

ਜਿਨ੍ਹਾਂ ਨੇ ਰਮਤ ਰਾਮ ਵਾਹਿਗੁਰੂ ਨਾਲ ਲਿਵ ਜੋੜੀ ਹੈ ਓਹਨਾਂ ਦੀ ਹਲਤ ਪਲਤ ਅਤੇ ਜਗ ਅੰਦਰ ਸੋਭਾ ਹੁੰਦਾ ਹੈ-

ਹਲਤਿ ਪਲਤਿ ਸੋਭਾ ਜਗ ਅੰਤਰਿ,
ਰਾਮਨਾਮਿ ਲਿਵ ਲਾਗੀ॥

(ਧਨਾਸਰੀ ਮ:੪, ਪੰਨਾ ੬੯੦)

ਹੋਛੇ ਤਪ ਕਰਨ ਹਾਰਿਆਂ ਦੀਆਂ ਕਾਮਨਾਵਾਂ ਇੰਦ੍ਰਪੁਰੀ ਸ਼ਿਵਪੁਰੀ ਆਦਿਕ ਪੁਰੀਆਂ ਨੂੰ ਪ੍ਰਾਪਤ ਕਰਨ ਦੀਆਂ ਹੁੰਦੀਆਂ ਹਨ। ਇਹ ਪੁਰੀਆਂ ਥਿਰ ਰਹਿਣ ਵਾਲੀਆਂ ਨਹੀਂ। ਗੁਰਮਤਿ-ਨਾਮ ਦੇ ਕਾਂਖੀ ਜਨ ਅਜਿਹੀਆਂ ਹੋਛੀਆਂ ਕਾਮਨਾਵਾਂ ਨਹੀਂ ਰਖਦੇ। ਇਕੋ ਨਾਮ ਨਿਹਕਾਮ-ਮਈ ਪਰਮ ਧਾਮ ਦੇ ਬਾਸ਼ਿੰਦੇ ਹੀ ਬਣੇ ਰਹਿੰਦੇ ਹਨ। ਪਰ ਇਸ ਪਰਕਾਰ ਇਹ ਦੁਨੀਆਂ ਚਾਹੇ ਅਨ-ਅਸਥਿਰ ਹੈ, ਪਰ ਹੈ ਸਹੀ। ਇਸੇ ਪਰਕਾਰ ਹੋਰ ਪੁਰੀਆਂ ਭੀ ਹਨ। ਚਾਹੇ ਓੜਕ ਕਿਸੇ ਨੇ ਅਸਥਿਰ ਨਹੀਂ ਰਹਿਣਾ। ਅਸਥਿਰ ਕੇਵਲ ਨਾਮ-ਪਦਾਰਥ ਨੇ ਰਹਿਣਾ ਹੈ। ਗੁਰਵਾਕ-

ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ ਬਾਹੁਰਿ ਐਬੋ॥੧॥ ਕਿਆ ਮਾਂਗਉ ਕਿਛੁ ਥਿਰੁ ਨਾਹੀ॥ ਰਾਮ ਨਾਮ ਰਖੁ ਮਨ ਮਾਹੀ॥੧॥ ਰਹਾਉ॥

(ਧਨਾਸਰੀ ਕਬੀਰ ਜੀ, ਪੰਨਾ ੬੯੨)

ਸਾਕਤ ਨਰ ਪ੍ਰਾਣੀ ਬਿਖ ਮਾਇਆ ਦੇ ਬੰਧਨਾਂ ਵਿਚ ਜਕੜੇ ਹੋਏ ਪਰਮਾਰਥ ਦੀ ਸਾਰ ਨਹੀਂ ਜਾਣਦੇ । ਨਾ ਹੀ ਪਰਮਾਰਥ ਖ਼ਾਤਰ ਪਰਮੇਸ਼ਰ ਅਰਥ ਆਪਣੀ ਖੱਟੀ ਮਾਇਆ ਨੂੰ ਖ਼ਰਚ ਕੇ ਲੇਖੇ ਲਾ ਸਕਦੇ ਹਨ। ਤਿਨ੍ਹਾਂ ਦੇ ਹੱਥ ਹਾਸਲ ਕੁਛ ਨਹੀਂ ਆਉਂਦਾ, ਸਿਵਾਏ ਇਸ ਦੇ ਕਿ ਉਹ ਜਮ-ਕਾਲ ਦੀ ਪੀੜ ਦੇ ਦੁਖ ਸ਼ਹਿੰਦੇ ਹਨ। ਜਿਨ੍ਹਾਂ ਨੇ ਮਾਲ ਧਨ ਅਤੇ ਸਾਰਾ ਸਰੀਰ ਹੀ ਹਰਿ ਅਰਥ ਲਗਾ ਦਿਤਾ ਹੈ ਅਤੇ ਗੁਰੂ ਰੂਪ ਸਾਧੂ ਸਤਿਗੁਰੂ ਦੀ ਸਰਧਾ ਭਾਵਨੀ ਕਰਿ ਧੂੜੀ ਮੁਖ ਲਾਈ ਹੈ, ਸੋ ਜਨ ਹਲਤ ਪਲਤ ਵਿਖੇ ਸੋਭਾ ਪਾਉਂਦੇ ਹਨ। ਅਤੇ ਤਿਨ੍ਹਾਂ ਦੇ ਮਨ ਅੰਦਰਿ ਗੂੜ੍ਹੇ ਆਤਮ-ਰੰਗ ਐਸੇ ਲਗਦੇ ਹਨ ਕਿ ਫੇਰ ਲਹਿੰਦੇ ਨਹੀਂ। ਗੁਰਵਾਕ-



www.AKJ.Org

ਸਾਕਤ ਬੰਧ ਭਏ ਹੈ ਮਾਇਆ, ਬਿਖੁ ਸੰਚਹਿ ਲਾਇ ਜਕੀੜਾ॥ ਹਰਿ ਕੈ ਅਰਥਿ ਖਰਚਿ ਨਹ ਸਾਕਹਿ, ਜਮਕਾਲੁ ਸਹਹਿ ਸਿਰਿ ਪੀੜਾ॥੨॥ ਜਿਨ ਹਰਿ ਅਰਥਿ ਸਰੀਰੁ ਲਗਾਇਆ, ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ॥ ਹਲਤਿ ਪਲਤਿ ਹਰਿ ਸੋਭਾ ਪਾਵਹਿ, ਹਰਿ ਰੰਗੁ ਲਗਾ ਮਨਿ ਗੂੜਾ॥੩॥

(ਜੈਤਸਰੀ ਮ:੪, ਪੰਨਾ ੬੯੮)

ਹਰਿ ਦਰਗਾਹ ਅੰਦਰਿ, ਹਰਿ ਦਰਗਾਹੀ ਦਰਬਾਰ ਅੰਦਰਿ ਕੋਟਿ ਹਰਿ-ਦਾਸਾਂ ਦੀ ਦੁਨੀਆਂ ਵਸ ਰਹੀ ਹੈ, ਜੋ ਨਿਮਖ ਨਿਮਖ ਨਿਰੰਕਾਰ ਦੇ ਸੰਗੀ ਸਾਥੀ ਹੋਇ ਕੇ ਵਸ ਰਹੇ ਹਨ। ਇਹ ਅਗੰਮੀ ਦੁਨੀਆਂ ਇਸ ਲੋਕ ਦੇ ਦੁਨੀਆਦਾਰਾਂ ਦੀ ਦ੍ਰਿਸ਼ਟੀ ਤੋਂ ਅਗੰਮ ਅਗੋਚਰ ਹੈ। ਪਰ ਐਸੀ ਹੀ ਘੁਗ ਵਸ ਰਹੀ ਹੈ ਜੈਸੀ ਕਿ ਦ੍ਰਿਸ਼ਟਮਾਨ ਦੁਨੀਆ; ਸਗੋਂ ਉਹ ਵਧੇਰੀ ਘੁਗ ਵਸਦੀ ਹੈ। ਯਥਾ ਗੁਰਵਾਕ-

ਕੋਟਿ ਦਾਸ ਜਾ ਕੈ ਦਰਬਾਰੇ॥
ਨਿਮਖ ਨਿਮਖ ਵਸੈ ਤਿਨ ਨਾਲੇ॥੫॥

(ਸੂਹੀ ਮ:੫, ਪੰਨਾ ੭੩੯)

ਸੂਖ ਮਹਲ ਜਾ ਕੇ ਊਚ ਦੁਆਰੇ॥
ਤਾ ਮਹਿ ਵਾਸਹਿ ਭਗਤ ਪਿਆਰੇ॥ (੭੩੯)
ਊਚ ਤੇ ਊਚ ਤਾ ਕਾ ਦਰਬਾਰਾ॥
ਕਈ ਜੰਤ ਬਿਨਾਹਿ ਉਪਾਰਾ॥ (੭੪੦)

ਕੋਟਾਨਕੋਟ ਖੂਹਣੀਆਂ ਭਗਤ ਜਨਾਂ ਦੀਆਂ ਸਚੜੇ ਸਚਖੰਡ ਦਰਬਾਰ ਵਿਖੇ ਵਸਿ ਰਸਿ ਰਹੀਆਂ ਹਨ। ਨਾਨਕ ਗੁਰੂ ਪੂਰੇ ਦੀ ਮਿਹਰੰਮਤ ਸੇਤੀ ਜਿਨ੍ਹਾਂ ਨੇ ਨਾਮ-ਧਨ ਸੰਚਿਆ, ਓਹ ਸਾਬਤ ਪੂੰਜੀ ਦੀ ਰਾਸ ਹਰਿ ਦਰਗਾਹ ਸਾਬਤ ਹੀ ਲੈ ਗਏ। ਅਤੇ ਸਚੀ ਦਰਗਾਹ ਦਰਬਾਰੀ ਸਚਖੰਡ ਅੰਦਰਿ ਸਾਬਾਸ ਧੰਨਿਤਾ ਸਹਿਤ ਪਰਵਾਣ ਪਏ। ਯਥਾ ਗੁਰਵਾਕ-

ਰਾਮ ਨਾਮ ਧਨੁ ਸੰਚਿਆ, ਸਾਬਤੁ ਪੂੰਜੀ ਰਾਸਿ॥ ਨਾਨਕ ਦਰਗਹ ਮੰਨਿਆ, ਗੁਰ ਪੂਰੇ ਸਾਬਾਸਿ॥੧੪॥

(ਸੂਹੀ ਮ:੪, ਪੰਨਾ ੭੫੯)

ਜੋ ਜੋ ਗੁਰਮੁਖ ਜਨ ਆਪਨੜੇ ਪ੍ਰਭ ਭਾਣਿਆ ਹੈ ਸੋ ਹਰਿ ਦਰਗਹ ਪੈਧਾ ਜਾਂਦਾ ਹੈ। ਐਥੇ ਭੀ ਓਸ ਨੂੰ ਸਚੇ ਸੁਖ ਦੀ ਨੇਅਮਤ ਮਿਲਦੀ ਹੈ ਤੇ ਅਗੇ ਜਾ ਕੇ ਉਸ ਦਾ ਮੁਖ ਉਜਲਾ ਰਹਿੰਦਾ ਹੈ। ਸਤਿਗੁਰੂ ਦੀ ਆਗਿਆ ਸਤਿ ਸਤਿ ਕਰ ਮੰਨਣਹਾਰਿਆਂ ਅਤੇ ਸਤਿਗੁਰੂ ਦਾ ਹੁਕਮ ਕਮਾਣਹਾਰਿਆਂ ਗੁਰਮੁਖ ਨਾਮ-ਨਿਵਾਸੀਆਂ ਨੂੰ ਅਗੇ ਚਲ ਕੇ ਪਾਰਬ੍ਰਹਮ ਪਰਮੇਸ਼ਰ ਵਲੋਂ ਮਾਨ ਆਦਰ ਮਿਲਦਾ ਹੈ। ਯਥਾ ਗੁਰਵਾਕ-

ਆਪਨੜੇ ਪ੍ਰਭ ਭਾਣਿਆ, ਦਰਗਹ ਪੈਧਾ ਜਾਇ ਜੀਉ॥ ਐਥੈ ਸੁਖੁ ਮੁਖੁ ਉਜਲਾ, ਇਕੋ ਨਾਮੁ ਧਿਆਇ ਜੀਉ॥ ਆਦਰੁ ਦਿਤਾ ਪਾਰਬ੍ਰਹਮਿ, ਗੁਰੁ ਸੇਵਿਆ ਸਤ ਭਾਇ ਜੀਉ॥੪॥ (ਸੂਹੀ ਮ: ੫, ਪੰਨਾ ੭੬੦)

ਦੇਖਿਆ ਜੀ। ਪਾਰਬ੍ਰਹਮ ਦੀ ਦਰਗਾਹ ਵਿਚ ਸਚੇ ਆਦਰ ਮਿਲਦੇ ਹਨ, ਮਾਨ ਮਿਲਦੇ ਹਨ। ਪਰ ਇਸ ਲੋਕ ਵਿਖੇ ਸੁਖਦਾਤਾ ਸੁਆਮੀ ਸਿਮਰਨਹਾਰਿਆਂ ਨੂੰ ਮਿਲਦੇ ਹਨ-

ਸਿਮਰਿ ਸਿਮਰਿ ਸਿਮਰਿ ਸੁਖਦਾਤਾ, ਜਾ ਕਾ ਕੀਆ ਸਗਲ ਜਹਾਨੁ॥ ਰਸਨਾ ਰਵਹੁ ਏਕੁ ਨਾਰਾਇਣੁ, ਸਾਚੀ ਦਰਗਹ ਪਾਵਹੁ ਮਾਨੁ॥੧॥

(ਬਿਲਾਵਲੁ ਮ:੫, ਪੰਨਾ ੮੨੭)

ਸਤਿਗੁਰੂ ਦੀ ਸੇਵਾ ਤੋਂ ਸਦਾ ਕਿਰਤਾਰਥ ਕਰਨਹਾਰਾ ਨਾਮ-ਪਦਾਰਥ ਅਧਿਕਾਰੀ ਜਨਾਂ ਨੂੰ ਮਿਲਦਾ ਹੈ। ਤਿਨ੍ਹਾਂ ਨੂੰ ਸਚੀ ਦਰਗਾਹ ਪੁੱਛ ਨਹੀਂ ਹੁੰਦੀ। ਹੁਕਮ ਮੰਨਣਹਾਰੇ ਹੀ ਸਚੀ ਦਰਗਾਹ ਸੀਝਦੇ ਹਨ-

ਗੁਰ ਸੇਵਾ ਤੇ ਲਹੈ ਪਦਾਰਥੁ॥ ਹਿਰਦੈ ਨਾਮੁ ਸਦਾ ਕਿਰਤਾਰਥੁ॥ ਸਾਚੀ ਦਰਗਹ ਪੂਛ ਨ ਹੋਇ॥ ਮਾਨੇ ਹੁਕਮੁ ਸੀਝੈ ਦਰਿ ਸੋਇ॥੬॥

(ਬਿਲਾਵਲੁ ਮ:੧, ਪੰਨਾ ੮੩੨)

ਸਭ ਬਰਕਤਾਂ ਨਾਮ ਦੀ ਆਗਿਆ ਦੀ ਕਮਾਈ ਵਿਚ ਹਨ। ਨਾਮ ਦੇ ਪਰਤਾਪ ਅਗਲੀ ਦਰਗਾਹ ਵਿਖੇ ਮੁਖ ਉਜਲੇ ਹੁੰਦੇ ਹਨ। ਨਾਮ ਕਮਾਵਣਹਾਰਿਆਂ ਤੇ ਨਾਮ-ਅਭਿਆਸੀਆਂ ਦੀਆਂ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਨਾਮ ਕਮਾਵਣਹਾਰਿਆਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਦਹਿਦਿਸ ਧਾਵਣਹਾਰਾ ਮਨੂਆ ਕੇਵਲ ਨਾਮ ਨਾਲਿ ਗੁਝ ਮਿਝ ਕੇ ਹੀ ਵਸਗਤਿ ਆਉਂਦਾ ਹੈ। ਸਚੀ ਸੁਰਮਤਾਈ ਵਾਲਾ ਨਿਰਭੈ ਪਦ ਹੀ ਨਾਮ ਜਪਣ ਕਰਿ ਪ੍ਰਾਪਤ ਹੁੰਦਾ ਹੈ। ਆਵਣ ਜਾਣਾ ਚੁਰਾਸੀ ਦਾ ਗੇੜ ਭੀ ਨਾਮ ਦੁਆਰਾ


www.AKJ.Org

ਹੀ ਦੂਰ ਹੁੰਦਾ ਹੈ। ਇਹ ਸਤਿਗੁਰੂ ਪੂਰੇ ਦੇ ਪ੍ਰਸਾਦਿ ਪ੍ਰਤਾਪ ਕਰਿ ਹੀ ਹੈ ਕਿ ਨਾਮ ਮਿਲਦਾ ਹੈ ਅਤੇ ਨਾਮ ਨਾਮੀ ਦੀ ਪ੍ਰਾਪਤੀ ਭੀ ਹੁੰਦੀ ਹੈ ਤੇ ਸੁਖ ਸਹਿਜ ਅੰਦਰ ਨਿਵਾਸ ਹੁੰਦਾ ਹੈ। ਗੁਰਵਾਕ-

ਨਾਮੇ ਦਰਗਹ ਮੁਖ ਉਜਲੇ॥ ਨਾਮੇ ਸਗਲੇ ਕੁਲ ਉਧਰੇ॥ ਨਾਮਿ ਹਮਾਰੇ ਕਾਰਜ ਸੀਧ॥ਨਾਮ ਸੰਗਿ ਇਹੁ ਮਨੂਆ ਗੀਧ॥੩॥ ਨਾਮੇ ਹੀ ਹਮ ਨਿਰਭਉ ਭਏ॥ ਨਾਮੇ ਆਵਨ ਜਾਵਨ ਰਹੇ॥ ਗੁਰਿ ਪੂਰੈ ਮੇਲੇ ਗੁਣਤਾਸ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ॥੪॥

(ਗੋਂਡ ਮ:੫, ਪੰਨਾ ੮੬੩)

ਸਚੀ ਦਰਗਹਿ ਦਾ ਵਾਸ, ਸਚੀ ਦਰਗਾਹ ਦੀ ਸੁਖ-ਰਾਸ ਸੰਗਤ ਤਿਨ੍ਹਾ ਨੂੰ ਹੀ ਮਿਲਦੀ ਹੈ, ਜੋ ਨਾਮ ਦੀਆਂ ਐਸੀਆਂ ਅਤੁਟ ਕਮਾਈਆਂ ਕਰਦੇ ਹਨ ਅਤੇ ਐਸੀ ਭਗਤੀ-ਭਾਵ-ਮਈ ਸੇਵਾ ਕਰਦੇ ਹਨ ਕਿ ਸਭ ਤੋਂ ਉਪਰ ਬਣ ਜਾਂਦੇ ਹਨ। ਨਾਮ-ਨਿਧਾਨ ਦੀ ਲਿਵਲੀਨਤਾ ਦੀ ਸਾਰੀ ਹਉਮੈ ਦੂਰ ਕਰ ਕੇ ਅਧੀਨਗੀ, ਸਚੀ ਦਿਲ-ਗਰੀਬੀ ਲਿਆਉਂਦੀ ਹੈ। **ਆਪਣੇ ਆਪ ਨੂੰ ਸਭ ਤੋਂ ਨੀਵਾਂ ਨੀਚਾ ਮੰਨਣ ਮਨਾਉਣ ਵਿਚ ਸਚਾ ਅਨੰਦ-ਰਸ ਜਾ ਮਾਣਦਾ ਹੈ।** ਯਥਾ ਗੁਰਵਾਕ-

ਪਵਹੁ ਚਰਣ ਤਲਿ ਊਪਰਿ ਆਵਹੁ, ਐਸੀ ਸੇਵ ਕਮਾਵਹੁ॥ ਆਪਸ ਤੇ ਊਪਰਿ ਸਭ ਜਾਣਹੁ, ਤਉ ਦਰਗਹ ਸੁਖੁ ਪਾਵਹੁ॥੧॥

(ਰਾਮਕਲੀ ਮ:੫, ਪੰਨਾ ੮੮੩)

ਗੁਰਮਤਿ ਨਾਮ ਦੀ ਸਿਫ਼ਤਿ-ਸਾਲਾਹ ਕੀਤਿਆਂ ਅਤੇ ਹਰਿ ਹਰਿ ਗੁਣ ਗਾਵੀਤਿਆਂ, ਕੀਰਤਨ ਕੀਤਿਆਂ ਨਿਥਾਵਿਆਂ ਨੂੰ ਭੀ ਹਰਿ ਦਰਗਹ ਅੰਦਰਿ ਥਾਉਂ ਮਿਲਦਾ ਹੈ। ਯਥਾ ਗੁਰਵਾਕ-

ਬੀਜ ਮੰਤ੍ਰ ਹਰਿ ਕੀਰਤਨੁ ਗਾਉ॥
ਆਗੈ ਮਿਲੀ ਨਿਥਾਵੇ ਥਾਉ॥

(ਰਾਮਕਲੀ ਮ:੫, ੮੯੧)

ਰੈਣਿ ਦਿਨਸੁ ਜਪਉ ਹਰਿ ਨਾਉ॥
ਆਗੈ ਦਰਗਹ ਪਾਵਉ ਥਾਉ॥ (੮੯੩
ਜਪਿ ਜਪਿ ਜੀਵਾ ਤੇਰਾ ਨਾਉ॥
ਆਗੈ, ਦਰਗਹ ਪਾਵਉ ਠਾਉ॥ (੮੯੩

ਤਥਾ-

ਗੁਰ ਕੀ ਹਰਿ ਟੇਕ ਟਿਕਾਇ॥ ਅਵਰ ਆਸਾ ਸਭ ਲਾਹਿ॥ ਹਰਿ ਕਾ ਨਾਮੁ ਮਾਗੁ ਨਿਧਾਨੁ॥ ਤਾ ਦਰਗਹ ਪਾਵਹਿ ਮਾਨੁ॥੩॥ ਗੁਰ ਕਾ ਬਚਨੁ ਜਪਿ ਮੰਤੁ॥ ਏਹਾ ਭਗਤਿ ਸਾਰ ਤਤੁ॥

(ਰਾਮਕਲੀ ਮ:੫, ੮੯੫)

ਦੁਲਭ ਦੇਹ ਸਵਾਰਿ॥ ਜਾਹਿ ਨ ਦਰਗਹ ਹਾਰਿ॥ ਹਲਤਿ ਪਲਤਿ ਤੁਧੁ ਹੋਇ ਵਡਿਆਈ॥ ਅੰਤ ਕੀ ਬੇਲਾ ਲਏ ਛਡਾਈ॥੧॥ ਰਾਮ ਕੇ ਗੁਨ ਗਾਉ॥ ਹਲਤੁ ਪਲਤੁ ਹੋਹਿ ਦੋਵੈ ਸੁਹੇਲੇ, ਅਚਰਜ ਪੁਰਖੁ ਧਿਆਉ॥੧॥ਰਹਾਉ॥ ਊਠਤ ਬੈਠਤ ਹਰਿ ਜਾਪੁ॥ ਬਿਨਸੈ ਸਗਲ ਸੰਤਾਪੁ॥ ਬੈਰੀ ਸਭਿ ਹੋਵਹਿ ਮੀਤ॥ ਨਿਰਮਲੁ ਤੇਰਾ ਹੋਵੈ ਚੀਤ॥੨॥ ਸਭ ਤੇ ਊਤਮ ਇਹੁ ਕਰਮੁ॥ ਸਗਲ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਸਿਮਰਨਿ ਤੇਰਾ ਹੋਇ ਉਧਾਰੁ॥ ਜਨਮ ਜਨਮ ਕਾ ਉਤਰੈ ਭਾਰੁ॥੩॥ ਪੂਰਨ ਤੇਰੀ ਹੋਵੈ ਆਸ॥ ਜਮ ਕੀ ਕਟੀਐ ਤੇਰੀ ਫਾਸ॥ ਗੁਰ ਕਾ ਉਪਦੇਸੁ ਸੁਨੀਜੈ॥ ਨਾਨਕ ਸੁਖਿ ਸਹਜਿ ਸਮੀਜੈ॥੪॥

(ਰਾਮਕਲੀ ਮ:੫, ੮੯੫)

(ਪੁਸਤਕ 'ਅਣਡਿਠੀ ਦੁਨੀਆ' ਵਿਚੋਂ)


## ਗੁਰਬਾਣੀ ਕੰਠ ਤੇ ਕੀਰਤਨ ਮੁਕਾਬਲੇ

ਹਰ ਸਾਲ ਦੀ ਤਰਾਂ ਭਾਈ ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ ਫਰਵਾਲ੍ਹੀ ਜ਼ਿਲਾ ਸੰਗਰੂਰ ਵੱਲੋਂ ਪਿੰਡ ਫਰਵਾਲ੍ਹੀ ਵਿਖੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤ ਧਾਰੀ ਵਿਦਿਆਰਥੀਆਂ ਲਈ ਗੁਰਬਾਣੀ ਕੰਠ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੀਰਤਨ ਮੁਕਾਬਲੇ 31 ਅਕਤੂਬਰ ਅਤੇ 1 ਨਵੰਬਰ 1998 ਨੂੰ ਕਰਵਾਏ ਜਾ ਰਹੇ ਹਨ। ਬਿਨੈ ਪੱਤਰ ਭੇਜਣ ਦੀ ਆਖਰੀ ਮਿਤੀ 10.10.1998 ਹੈ। ਸਿਲੇਬਸ ਅਤੇ ਹੋਰ ਵਧੇਰੇ ਜਾਣ ਕਾਰੀ ਲਈ ਗਿਆਨੀ ਬਾਬੂ ਸਿੰਘ ਜੀ, ਪਿੰਡ ਤੇ ਡਾ: ਸੰਦੌੜ ਜ਼ਿਲ੍ਹਾ ਸੰਗਰੂਰ ਪਿੰਨ ਕੋਡ 148020 ਨਾਲ ਸੰਪਰਕ ਕਰੋ।




www.AKJ.Org

# ਗੁਰਬਾਣੀ ਇਸੁ ਜਗ ਮਹਿ ਚਾਨਣੁ

(ਪ੍ਰਿ:ਸੱਜਣ ਸਿੰਘ ਜੀ )

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਸਿਖ ਪੰਥ ਨੂੰ ਸਰਬ ਗੁਣਾਂ ਭਰਪੂਰ ਸ੍ਰੇਸ਼ਟ ਗੁਰੂ, ਸ਼ਬਦ ਗੁਰੂ ਦੇ ਲੜ ਲਾਇਆ। ਉਹ ਸਿੱਖ ਦੁਰਭਾਗਾ ਹੈ ਜਿਹੜਾ ਅਨੰਦ ਸਾਗਰ ਨੂੰ ਤਿਆਗ ਕੇ ਸੜ੍ਹਿਆਂ ਦੇ ਜਲ ਦੇ ਛੱਪੜਾਂ ਤੋਂ ਹੀਰੇ, ਮੋਤੀ, ਲਾਲ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਹੈ। ਸ਼ਬਦ ਗੁਰੂ ਦੇ ਸਿਧਾਂਤ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨਿਆ। ਇਸ ਦਾ ਪ੍ਰਗਟਾਵਾ ਹਜ਼ੂਰ ਤੋਂ ਹੀ ਹੁੰਦਾ ਆਇਆ ਸੀ ਤੇ ਇਸ ਦੀ ਸ੍ਰੇਸ਼ਟਤਾ ਦੇ ਕੌਤਕ ਵੀ ਹੁੰਦੇ ਆਏ ਸਨ ਪਰ ਸੱਚੇ ਗੁਰਦੇਵ ਜੀ ਨੇ ਨਾਦੇੜ ਵਿਖੇ ਸ਼ਬਦ ਗੁਰੂ ਨੂੰ ਕਾਲ ਰਹਿਤ ਅਟੱਲ ਗੱਦੀ ਦੀ ਗੌਰਵ ਮਈ ਜ਼ੁਮੇਵਾਰੀ ਸੌਂਪ ਕੇ ਸਮੁੱਚੇ ਪੰਥ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਇਆ ਹੈ।

ਧੁਰ ਕੀ ਬਾਣੀ, ਸੱਚੀ ਬਾਣੀ, ਆਤਮਾ ਤੇ ਸਰੀਰ, ਦੋਹਾਂ ਨੂੰ ਟੁੰਬਣ, ਜਗਾਉਣ ਨਿਰਮਲਤਾ ਤੇ ਸ਼ਕਤੀ ਦੇਣ, ਖੇੜਾ ਅਨੰਦ ਅਗਾਮੀ ਖੁਸ਼ੀ ਤੇ ਰਹਿਮਤ ਦਾ ਮੀਂਹ ਵਰਸਾਉਣ, ਗੁਪਤ ਰੂਪ ਤੇ ਪ੍ਰਗਟ ਰੂਪ ਵਿਚ ਅਦਭੁਤ ਕਲਾ ਦ੍ਰਿਸਟਾਉਣ ਵਾਲੀ ਹੈ। ਪੰਜੇ ਗਿਆਨ ਇੰਦ੍ਰੀਆਂ ਸ਼ਬਦ ਗੁਰੂ ਦਾ ਅੰਮ੍ਰਿਤ ਮਈ ਜਲ ਚੂੰਚ ਕੇ ਦੈਵੀ ਗੁਣਾਂ ਨਾਲ ਰੰਗੀਆਂ ਜਾਂਦੀਆਂ ਹਨ। ਇਸ ਦੇ ਸੰਦਰਭ ਵਿਖੇ ਸੱਚੇ ਗੁਰਦੇਵ ਜੀ ਨੇ ਕੰਨਾਂ ਨੂੰ ਸੱਚੀ ਬਾਣੀ ਸੁਨਣ ਤੇ ਰਸਨਾਂ ਨੂੰ ਸੱਚੀ ਬਾਣੀ ਗਾਉਣ ਦਾ ਇਕ-ਟੁੱਕ ਫੁਰਮਾਨ ਕੀਤਾ ਹੈ। ਗੁਰਦਰਸ਼ਨ ਪਰਸ਼ਨ ਤੋਂ ਵਾਂਝੇ ਨੇਤ੍ਰ ਸੰਸਾਰਕ ਪਦਾਰਥ ਤੱਕਦੇ ਹੋਏ ਵੀ ਅੰਨੇ ਹਨ। ਸਗਲ ਸ੍ਰਿਸ਼ਟੀ ਨੂੰ ਨੇਤਰ ਇਸ ਲਈ ਮਿਲੇ ਸਨ ਕਿ ਉਹ ਸਾਰਿਆਂ ਜੀਵਾਂ ਵਿਚ ਰਮਿਆ ਰਾਮ ਤੱਕ ਸਕੇ ਪਰ ਉਹ ਸੱਚੀ ਜੋਤਿ ਬਿਨਾਂ ਪੈਰ ਪੈਰ ਤੇ ਠੇਡੇ ਖਾਂਦੀ ਪਈ ਹੈ।

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥੧੧੪

ਸਲੋਕ ਭਗਤ ਕਬੀਰ ਜੀਉ ਕੇ-(੧੩੭੦)

ਅਰਥਾਤ ਅਧਿਆਤਮਕ ਤੌਰ ਤੇ ਅੰਨਾ ਜੀਵ ਰਾਹ ਵਿੱਚ ਖਿਲਰੇ ਦੈਵੀ ਗੁਣਾਂ ਨਾਲ ਭਰਪੂਰ ਮੋਤੀਆਂ ਦੇ ਉਪਰ ਦੀ ਲੰਘਦਾ ਜਾ ਰਿਹਾ ਹੈ।

ਜਿਸ ਹਿਰਦੇ ਵਿੱਚ ਗੁਰਮਤਿ ਦਾ ਪ੍ਰਕਾਸ਼ ਉਜਾਗਰ ਨਹੀਂ ਹੋਇਆ, ਉਸ ਨੂੰ ਸਾਰਾ ਸੰਸਾਰ ਜਿਹੜਾ ਹਰੀ ਦਾ ਰੂਪ ਹੈ, ਵਿੱਸ ਦਿਖਾਈ ਦਿੰਦਾ ਹੈ। ਅਕਾਲ ਪੁਰਖ ਨੇ ਹਰੇਕ ਜੀਵ ਦੇ ਅੰਦਰ ਐਸੀ ਰੱਬੀ ਜੋਤਿ ਟਿਕਾਈ ਹੈ ਜਿਸ ਦੁਆਰਾ ਕਣ ਕਣ ਵਿਚ ਵਿਆਪਕ ਰਾਮ, ਜਰ੍ਰੇ ਜਰ੍ਰੇ ਵਿਚ ਸਮਾਇਆ ਰਾਮ ਤੱਕਿਆ ਜਾ ਸਕਦਾ ਹੈ ਪਰ ਸਾਡੇ ਨੇਤਰਾਂ ਵਿੱਚ ਅਜਿਹੀ ਦ੍ਰਿਸਟੀ ਉਤਪੰਨ ਨਹੀਂ ਹੁੰਦੀ ਕਿਉਂਕਿ ਇਹ ਸੂਖਮ ਜੋਤਿ ਨੂੰ ਸਵੀਕਾਰ ਕਰਕੇ ਅਪਨਾਉਂਦੇ ਨਹੀਂ। ਤੀਸਰੇ ਸਤਿਗੁਰੂ ਜੀ ਦੇ ਮੁਬਾਰਕ ਬਚਨ ਹਨ ਕਿ ਸੱਚਾ ਗੁਰੂ, ਪੂਰਨ ਗੁਰੂ ਹੀ ਐਸਾ ਡਾਕਟਰ ਹੈ ਜਿਹੜਾ ਆਪਣੀ ਨਦਰਿ ਰਹਿਮਤ ਤੇ ਗੁਰ ਸੰਗਤ ਦੇ ਪਰਸ ਦੁਆਰਾ ਤਗ ਅੰਧੇਰੇ ਅੰਨ੍ਹੇ ਨੇਤਰਾਂ ਵਿੱਚ ਦਿਬ ਦ੍ਰਿਸਟੀ ਜਾਂ ਦੈਵੀ ਨੂਰ ਦਾ ਪ੍ਰਕਾਸ਼ ਭਰ ਸਕਦਾ ਹੈ।

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ॥ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥

(ਰਾਮਕਲੀ ਮਹਲਾ ੩ ਅਨੰਦੁ॥ ੯੨੨)

ਅਕਾਲ ਪੁਰਖ ਰੌਸ਼ਨੀ ਦਾ ਖ਼ਜਾਨਾ ਹੈ, ਜੋਤਿ ਦਾ ਸੋਮਾ ਹੈ। ਇਸੇ ਕਰਕੇ ਪਰਮਾਤਮਾ ਨੂੰ ਜੋਤੀ ਆਖਿਆ ਗਿਆ ਹੈ ਤੇ ਜੋਤੀ ਨਾਲ ਅਭੇਦ ਹੋਏ ਨੂੰ ਜੋਤੀ ਸਰੂਪ ਵਾਹਿਗੁਰੂ ਸੂਰਜਾਂ ਦਾ ਸੂਰਜ ਹੈ। ਸਗਲ ਬ੍ਰਹਮੰਡ ਵਿੱਚ ਰਮੀ ਜੋਤਿ ਉਸ ਦੀ ਜੋਤਿ ਬਦੌਲਤ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥ (੧੩)

ਇਹ ਜੋਤਿ ਸੂਖਮ ਰੂਪ ਵਿਚ ਭਾਵੇਂ ਹਰਥਾਂ ਹੈ,



www.AKJ.Org

ਜੀਵ ਦੇ ਅੰਦਰ ਵੀ ਹੈ ਪਰ ਗੁਰੂ ਦੀ ਸਿਖਿਆ ਜਾਂ ਉਪਦੇਸ਼ ਦੁਆਰਾ ਹੀ ਪ੍ਰਗਟ ਹੁੰਦੀ ਹੈ, ਜੀਵ ਦੀ ਆਪਣੇ ਉਪਰਾਲੇ ਨਾਲ ਨਹੀਂ। ਅੱਖਾਂ ਦੀ ਰੋਸ਼ਨੀ ਵਿੱਚ ਕੰਨਾਂ ਦੀ ਸਰਵਣ ਸ਼ਕਤੀ ਵਿੱਚ ਸਰੀਰ ਦੇ ਥੰਮ, ਪ੍ਰਾਣਾਂ ਵਿੱਚ, ਅੰਗ ਅੰਗ ਵਿਚ, ਘੱਟ ਘੱਟ ਵਿੱਚ, ਇਕ ਜੋਤਿ ਵਰਤ ਰਹੀ ਹੈ। ਅਸੀਂ ਸੂਰਜ ਤੇ ਚੰਦ੍ਰਮੇ ਦੀ ਰੋਸ਼ਨੀ ਹਰ ਸਮੇਂ ਤੱਕਦੇ ਹਾਂ, ਇਨ੍ਹਾਂ ਦੀ ਰੋਸ਼ਨੀ ਦਾ ਮੂਲ ਰੱਬੀ ਜੋਤਿ ਹੈ ਅਰਥਾਤ ਇਹਨਾਂ ਦੇ ਲੋਅ ਵਿਚ ਅਨੂਪ ਬ੍ਰਹਮ ਆਪ ਬਿਰਾਜਮਾਨ ਹੈ। ਸਗਲ ਸੰਸਾਰ ਦਾ ਸਾਰਾ ਪਸਾਰਾ ਇਸ ਦੈਵੀ ਨੂਰ ਪ੍ਰਕਾਸ਼ਮਾਨ ਹੈ। ਪਾਵਨ ਫੁਰਮਾਨ ਹੈ।
ਚੰਦੁ ਸੂਰਜੁ ਦੁਇ ਜੋਤਿ ਸਰੂਪੁ॥ ਜੋਤੀ ਅੰਤਰਿ ਬ੍ਰਹਮੁ ਅਨੂਪੁ॥੧॥ ਕਰੁ ਰੇ ਗਿਆਨੀ ਬ੍ਰਹਮ ਬੀਚਾਰੁ॥ ਜੋਤੀ ਅੰਤਰਿ ਧਰਿਆ ਪਸਾਰੁ॥੧॥ਰਹਾਉ॥ ਹੀਰਾ ਦੇਖਿ ਹੀਰੇ ਕਰਉ ਆਦੇਸੁ॥ ਕਹੈ ਕਬੀਰੁ ਨਿਰੰਜਨ ਅਲੇਖੁ॥ (ਰਾਮਕਲੀ ਘਰ ੨ ਬਾਣੀ ਕਬੀਰ ਜੀ ਕੀ-੯੭੨॥)

ਸੂਰਜ ਚੰਦ ਦੀ ਰੋਸ਼ਨੀ ਤਾਂ ਵਾਸਤਵ ਵਿਚ ਜਯੋਤੀ ਦੇ ਪ੍ਰਕਾਸ਼ ਦਾ ਪ੍ਰਤਿਬਿੰਬ ਵਾਹਿਗੁਰੂ ਦਾ ਦਰਸ਼ਨ ਹੈ ਜਿਸ ਦੀ ਪ੍ਰਾਪਤੀ ਵਿਰਲੇ ਗੁਰ ਵਰਸਾਏ ਗੁਰਸਿੱਖਾਂ ਨੂੰ ਵੀ ਹੁੰਦੀ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਅਕਾਲੀ ਜੋਤਿ ਦੇ ਪ੍ਰਤੱਖ ਦਰਸ਼ਨ ਦੀ ਅਲੌਕਿਕ ਘਟਨਾ ਨੂੰ ਕਾਫ਼ੀ ਸਮੇਂ ਤਕ ਆਪਣੇ ਨਿਕਟ ਵਰਤੀ ਵੀਰਾਂ ਦੀ ਬਾਰਬਾਰ ਬੇਨਤੀ ਕਰਨ ਤੇ ਇਸ ਮਹਾਨ ਬਖਸ਼ਸ਼ ਦੇ ਨਿੱਜੀ ਤਜਰਬੇ ਨੂੰ ਚਿੱਠੀ ਦੇ ਰੂਪ ਵਿੱਚ ਵਰਨਣ ਕੀਤਾ। ਸੁਣ ਸੁਣ ਕੇ ਕਥਨ ਕਰਨ ਵਾਲੇ ਬਥੇਰੇ ਹਨ ਪਰ ਇਸ ਦਰਸ਼ਨ ਦੀ ਅਗੰਮੀ ਖੁਸ਼ੀ ਆਤਮ ਖੇੜੇ ਤੇ ਅਨੂਠੇ ਰਸ ਨੂੰ ਸਹੀ ਰੂਪ ਵਿਚ ਕਲਮਬੰਦ ਕਰਨ ਦੇ ਯੋਗ ਉਹ ਬਿਲਕੁੱਲ ਨਹੀਂ ਹਨ।

ਦਸਮੇਸ਼ ਪਿਤਾ ਜੀ ਨੇ ਜੋਤਿ ਦੇ ਕੁੱਝ ਵਿਸ਼ੇਸ਼ ਲਛੱਣਾਂ ਤੇ ਗੁਣਾਂ ਤੇ ਰੋਸ਼ਨੀ ਪਾਈ ਹੈ। ਹਜ਼ੂਰ ਦੇ ਫੁਰਮਾਨ ਵਿਚੋਂ ਇਕਸਾਰਤਾ, ਨਿਰਲੇਪਤਾ, ਸੁਤੰਤਰਤਾ, ਸੰਪੂਰਨਤਾ ਤੇ ਸਰਬਵਿਆਪਕਤਾ ਦੀ ਝਲਕ ਸਹਜੇ ਹੀ ਤੱਕੀ ਜਾ ਸਕਦੀ ਹੈ।

ਜਿਮੀ ਜਮਾਨ ਕੇ ਬਿਖੇ ਸਮੱਸਤਿ ਏਕ ਜੋਤ ਹੈ॥
ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥
ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ॥
ਮਕੀਨ ਔ ਮਕਾਨ ਅਪ੍ਰਮਾਨ ਤਜੇ ਮਾਨੀਐ॥੧੬੬॥
(ਅਕਾਲ ਉਸਤਤਿ)।

ਇਹ ਜੋਤਿ ਅਨੂਪਮ ਹੈ ਜਿਸ ਦੀ ਉਪਮਾ ਕਿਸੇ, ਹੋਰ ਪ੍ਰਕਾਸ਼ ਨਾਲ ਨਹੀਂ ਹੋ ਸਕਦੀ। ਚਲਾਇਮਾਨ ਨ ਹੋਣ ਕਰਕੇ ਇਹ 'ਅਚਲੰ ਪ੍ਰਕਾਸ਼ੈ' ਹੈ। ਇਸ ਦੀ ਰੋਸ਼ਨੀ ਚੰਦ੍ਰਮਾਂ ਦੀ ਰੋਸ਼ਨੀ ਵਾਂਗ ਘਟਦੀ ਵਧਦੀ ਨਹੀਂ, ਇਕਸਾਰ ਸੰਪੂਰਨ ਰਹਿ ਕੇ ਸੀਤਲਮਈ ਰਿਸ਼ਮਾ ਵੰਡਦੀ ਹੈ। ਇਹ ਉਹ ਜਾਗਤ ਜੋਤਿ ਹੈ ਜਿਸ ਨੂੰ ਨਿਸਬਾਸਰ ਜੱਪਣ ਦਾ ਆਦੇਸ਼ ਕਲਗੀਧਰ ਪਾਤਸ਼ਾਹ ਜੀ ਨੇ ਖਾਲਸੇ ਨੂੰ ਦਿੱਤਾ ਹੈ।

ਸਤਿਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿੱਚ ਅਕਾਲੀ ਜੋਤਿ ਦਾ ਨਿਵਾਸ ਹੋਣ ਕਰਕੇ ਭੱਟਾਂ ਨੇ ਗੁਰਦੇਵ ਜੀ ਨੂੰ ਜੋਤਿ ਸਰੂਪ ਬਖਾਨਿਆ ਤੇ ਸਨਮਾਨਿਆ ਹੈ। ਆਪ ਜੀ ਨੇ ਇਸ ਜੋਤਿ ਦਾ ਪ੍ਰਕਾਸ਼ ਭਾਈ ਲਹਣੇ ਦੇ ਹਿਰਦੇ ਵਿਚ ਟਿਕਾ ਕੇ ਗੁਰੂ ਅੰਗਦ ਦੇਵ ਜੀ ਦੇ ਨਾਉ ਨਾਲ ਸਸ਼ੋਭਿਤ ਕੀਤਾ। ਇਹ ਪਰੰਪਰਾ ਚਲੱਦੀ ਰਹੀ, ਕਾਇਆ ਪਲਟਦੀ ਰਹੀ ਪਰ ਜੋਤਿ ਤੇ ਜੁਗਤੀ ਅਧਿਕਾਰੀ ਜਾਂਨਸ਼ੀਨ ਨੂੰ ਪ੍ਰਾਪਤ ਹੁੰਦੀ ਰਹੀ। ਦੂਰਦਰਸ਼ੀ ਕਲਗੀਧਰ ਪਾਤਸ਼ਾਹ ਨੇ ਸਮੁੱਚੇ ਵਿਸ਼ਵ, ਤੇ ਖਾਸ ਕਰਕੇ ਖਾਲਸੇ ਦੀ ਅਗਵਾਈ ਲਈ ਆਪਣੀ ਪਾਵਨ ਜੋਤਿ ਦਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਨ ਕਰਕੇ ਸੀਸ ਨਿਵਾਇਆ ਤੇ ਸ਼ਖਸੀ ਪੂਜਾ ਦੀ ਰਵਾਇਤ ਨੂੰ ਹਮੇਸ਼ਾ ਲਈ ਖਤਮ ਕਰ ਦਿੱਤਾ।

ਗੁਰਬਾਣੀ ਬਹੁਪੱਖੀ ਗੁਣਾਂ ਨਾਲ ਲਬਾ ਲਬ ਭਰੀ ਹੈ। ਇਸ ਦਾ ਗਿਆਨ ਸਾਰੇ ਧਰਮਾਂ ਦੇ ਪ੍ਰਾਣੀਆਂ ਲਈ ਸਾਂਝਾ ਹੈ। ਸਭ ਦੇਸਾਂ, ਭੇਸਾਂ, ਬੋਲੀਆਂ ਤੋਂ ਉਪਰ ਹੈ। ਇਹ ਭਵਸਾਗਰ ਦੀਆਂ ਮਾਰੂ ਲਹਿਰਾਂ ਤੋਂ ਸਾਵਧਾਨ ਕਰਨ ਤੇ ਕੰਢੇ ਤਕ ਪੁਹੰਚਾਉਣ ਲਈ ਜਹਾਜ ਹੈ। ਜਿਥੇ ਮਾਨਵਤਾ ਦਾ ਪ੍ਰਸ਼ਨ ਹੈ, ਉਥੇ ਜਾਲਮ ਰਾਜਿਆਂ ਵਿਰੁੱਧ ਅਵਾਜ਼ ਉਠਾਉਣ ਦੇ ਬਚਨ ਹਨ।

ਗੁਰਬਾਣੀ ਦੇ ਅਮੋਲਕ ਬਚਨ, ਦੀਨ ਦੁਖੀਆਂ ਦੇ ਹੇਤ, ਸੰਘਰਸ਼ ਕਰਨ, ਕੁਰਬਾਨੀ ਕਰਨ, ਪੁਰਜਾ ਪੁਰਜਾ ਕੱਟ ਮਰਨ ਜਾਂ ਬਲੀਦਾਨ ਦੀ ਪ੍ਰੇਰਨਾ ਵੀ ਦਿੰਦੇ ਹਨ। ਵਿਹਲੜ, ਢਿੱਲੜ, ਦੂਜਿਆਂ ਤੇ ਭਾਰ ਰਹਿਣ ਵਾਲੇ ਆਲਸੀ ਮਣੁੱਖ ਨੂੰ ਹਿੰਮਤ ਕਰਨ, ਛੇਤੀ ਉਠੱਣ,


www.AKJ.Org

ਮਿਹਨਤ ਕਰਨ, ਘਾਲ ਕਰਨ ਤੇ ਖੱਟਣ ਕਮਾਉਣ ਦਾ ਉਪਦੇਸ਼ ਮਿਲਦਾ ਹੈ। ਇਹੋ ਕਾਰਨ ਹੈ ਕਿ ਕੋਈ ਗੁਰਸਿੱਖ ਆਪਣੀ ਉਪਜੀਵਕਾ ਲਈ, ਹੱਥ ਅੱਡ ਕੇ ਮੰਗਦਾ ਨਹੀਂ, ਮਿਹਨਤ ਮਜ਼ੂਰੀ ਕਰਨ ਵਿਚ ਆਪਣੀ ਆਨ ਸ਼ਾਨ ਸਮਝਦਾ ਹੈ। ਨਾ ਡਰਨ, ਨ ਡਰਾਉਣ ਦਾ ਸਿਧਾਂਤ ਜਦ ਅਮਲੀ ਰੂਪ ਧਾਰਨ ਕਰਦਾ ਹੈ ਤਾਂ ਅਣਖ, ਗੈਰਤ ਤੇ ਸ੍ਵੈਮਾਨ ਦਾ ਜਜ਼ਬਾ ਹਿਰਦੇ ਵਿਚੋਂ ਫੁੱਟ ਫੁੱਟ ਕੇ ਬਾਹਰ ਨਿਕਲਦਾ ਹੈ। ਦੁਨੀਆਂ ਦੀ ਸਾਰੀਆਂ ਸਮਸਿਆਵਾਂ ਦਾ ਸਮਾਧਾਨ ਵਿਸ਼ਵਾਸ਼ ਤੇ ਕਰਮਾਂ ਅਨੁਸਾਰ, ਗੁਰਬਾਣੀ ਦੇ ਗਿਆਨ ਤੋਂ ਮਿਲ ਸਕਦਾ ਹੈ। ਸਾਰਾਂਸ਼ ਜਗਤ ਦੇ ਅੰਧਿਆਰੇ ਬਿਖੜੇ ਪੈਂਡਿਆਂ ਨੂੰ ਪਾਰ ਕਰਨ ਲਈ ਗੁਰਬਾਣੀ ਇਕ ਚਾਨਣ ਮੁਨਾਰੇ ਦੇ ਰੂਪ ਵਿਚ ਸਾਡੇ ਤਾਮਸੀ ਨੇਤਰਾਂ ਵਿੱਚ ਦੈਵੀ ਨੂਰ ਪਰਦਾਨ ਕਰਦੀ ਹੈ ਤੇ ਭਵਿੱਖ ਵਿਚ ਕਰਦੀ ਰਹੇਗੀ। ਪਰ ਇਹ ਕਲਾ ਗੁਰਮੁਖਾਂ ਤੇ ਹੀ ਵਰਤਦੀ ਹੈ, ਮਨਮੁਖਾਂ ਦੇ ਨਹੀਂ ਜਿਨ੍ਹਾਂ ਦੇ ਕਰਮ ਮਨਮੁਖਤਾਈ ਦੇ ਆਧਾਰ ਤੇ ਹਨ। ਹਜ਼ੂਰ ਦਾ ਫੁਰਮਾਨ ਹੈ:-

ਸਿਰੀ ਰਾਗੁ ਮਹਲਾ ੩॥

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ॥ ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮ ਗਵਾਏ॥ ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ (੬੭)

ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਅੰਧ, ਧੁੰਦ, ਗੁਬਾਰ, ਹਨੇਰਾ ਸੰਸਾਰ ਵਿੱਚ ਇਸ ਤਰ੍ਹਾਂ ਪਸਰਿਆਂ ਹੋਇਆ ਸੀ ਕਿ ਅਸਲੀਅਤ ਬਿਲਕੁੱਲ ਦਿਖਾਈ ਨਹੀਂ ਦਿੰਦੀ ਸੀ। ਜ਼ਾਲਮ ਰਾਜੇ ਜ਼ੁਲਮ ਤੇ ਪਾਪ ਦੇ ਫੱਲ ਤੋਂ ਬੇਖਬਰ ਸਨ। ਪਰਜਾ ਸੱਚ ਦੇ ਗਿਆਨ ਬਿਨਾਂ, ਅੰਨ੍ਹੀ, ਨਿਰਬਲ, ਡਰਪੋਕ ਬੇਅਣਖੀ ਤੇ ਖਿੰਡਰੀ ਪਈ ਸੀ। ਸੱਚ ਬੋਲਣ ਦਾ ਹੀਆ ਉਨ੍ਹਾਂ ਵਿਚ ਨਹੀਂ ਸੀ। ਸ਼ਕਤੀ ਦੇ ਉਪਾਸ਼ਕ ਜੰਤਰ ਮੰਤਰ ਤੰਤਰ, ਜਾਦੂ ਟੂਣਾ, ਤਬੀਤਾਂ, ਤੇ ਕਰਾਮਾਤਾਂ ਦੀ ਕਾਲਖ ਵਿੱਚ ਲਿਪਤ ਸਨ। ਭਾਈ ਗੁਰਦਾਸ ਜੀ ਦੇ ਬਚਨਾ ਅਨੁਸਾਰ-

(1) ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਅਲਾਈ॥(੧/੩੦)

(੨) ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ॥ ੧/੮੫

ਹਿੰਦੂ ਹੀ ਨਹੀਂ, ਮੁਸਲਮਾਨ ਵੀ ਅੱਲਾ ਦੇ ਰਾਹ ਤੋਂ ਭਟਕੇ ਹੋਏ ਸਨ। ਕਬਰਾਂ, ਮੜ੍ਹੀਆਂ, ਮਸਾਣਾਂ ਦੀ ਪੂਜਾ ਵਿਚ ਗਲਤਾਨ ਹੋਇ ਕੇ ਕੋਹਲੂ ਦੇ ਬਲਦ ਵਾਂਗਰ ਘਾਲ ਅੰਵਾਈ ਗਵਾਉਂਦੇ ਸਨ। ਜਾਗਤ ਜੋਤਿ ਦੀ ਉਨ੍ਹਾਂ ਨੂੰ ਰੱਤੀ ਭਰ ਵੀ ਸਾਰ ਨਹੀਂ ਸੀ। ਗੱਲ ਕੀ ਸਭ ਧਰਮਾਂ ਦੇ ਪੈਰੋਕਾਰ ਅੰਦਰਹੁ ਤੇ ਬਾਹਰਹੁ ਅੰਨ੍ਹੇ, ਕੂੜੇ ਬਚਨ ਅਲਾਪਦੇ, ਸ਼ਿੰਗਾਰਦੇ ਤੇ ਮਾਇਆ ਵਲ ਧਾਂਵਦੇ ਸਨ। ਬੈਸਨੋ ਪ੍ਰਤੀ ਪੰਚਮ ਪਾਤਸ਼ਾਹ ਦੇ ਬਚਨ ਹਨ।

ਸਲੋਕ ਮ:੫॥

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥ ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥

(ਰਾਮਕਲੀ ਕੀ ਵਾਰ ਮਹਲਾ ੫॥ (੯੬੦)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਉਦੇਸ਼ ਇਸ ਵਰਗ ਦੇ ਅੰਨਿਆਂ ਨੂੰ ਰੋਸ਼ਨੀ ਪਰਦਾਨ ਕਰਕੇ ਸਹੀ ਮਾਰਗ ਤੇ ਚਲਾਉਣ ਦਾ ਸੀ। ਹਜ਼ੂਰ ਨੇ ਇਹ ਕਾਰਜ ਨਾਮ, ਸ਼ਬਦ ਤੇ ਬਾਣੀ ਦੀ ਰੋਸ਼ਨੀ ਨਾਲ ਪੂਰਾ ਕੀਤਾ। ਚਾਰੇ ਉਦਾਸੀਆਂ ਪੂਰੀਆਂ ਕਰਨ ਉਪਰੰਤ ਗੁਰਦੇਵ ਜੀ ਨੇ ਉਦਾਸੀ ਬਸਤਰਾਂ ਤੇ ਪਹਿਰਾਵੇ ਦਾ ਤਿਆਗ ਕੀਤਾ ਤੇ ਬਾਣੀ ਦਾ ਪ੍ਰਕਾਸ਼ ਫੈਲਾਉਣ ਲਈ ਕਰਤਾਰਪੁਰ ਵਿਖੇ ਰਿਹਾਇਸ਼ ਕੀਤੀ। ਇਸ ਉਪਦੇਸ਼ ਪ੍ਰਤੀ ਭਾਈ ਗੁਰਦਾਸ ਜੀ ਦੇ ਆਪਣੇ ਬਚਨ ਇਸ ਪ੍ਰਕਾਰ ਹਨ।

ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਿਆਰਾ॥ ੧/੩੮

ਗੁਰ ਸ਼ਬਦ ਦਾ ਚਾਨਣ ਹੀ ਗਿਆਨ ਦਾ ਚਰਾਗ ਹੈ। ਗੁਰੂ ਤੇ ਗੁਰ ਸਬਦ ਅਭੇਦ ਹਨ ਤੇ ਤਿੰਨੇ ਲੋਕ, ਗੁਰਦੀਪਕ ਦੀ ਲੋਅ ਦੁਆਰਾ ਜਗਮਗਾ ਰਹੇ ਹਨ। "ਗੁਰਦੀਪਕ ਤਿਹ ਲੋਇ, ਸਤਿਗੁਰੂ ਜੀ ਦਾ ਪਾਵਨ ਫੁਰਮਾਨ ਹੈ।

ਸਲੋਕ ਮਹਲਾ ੪:-

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥ ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ॥ (੮੪੯)


www.AKJ.Org

ਗੁਰਬਾਣੀ ਤੀ ਆਤਮਕ ਜੋਤਿ ਨੇ ਜਿਸ ਪਾਵਨ ਹਿਰਦੇ ਵਿਚ ਨਿਵਾਸ ਕਰਕੇ ਚਾਨਣ ਕੀਤਾ, ਉਸ ਦੇ ਗੁਪਤ ਰਤਨਾਂ ਦੀ ਅਨੂਪ ਕੋਠੜੀ ਦੇ ਦੁਆਰ ਖੁੱਲ ਗਏ ਤੇ ਸਾਧਾਰਨ ਨਜ਼ਰ ਪਾਰਦਰਸ਼ੀ ਦ੍ਰਿਸ਼ਟੀ ਵਿਚ ਬਦਲ ਗਈ ਅਜਿਹੇ ਵਿਸਮਾਦੀ ਦਸ਼ਾ ਦੇ ਕੌਤਕ ਵਰਤੇ ਕਿ ਉਸ ਦੀ ਜੋਤਿ ਤਾਣੇ ਪੇਟੇ ਵਾਂਗਰ ਜੋਤੀ ਵਿੱਚ ਇਕੱ-ਮਿਕ ਹੋ ਗਈ। ਇਸ ਅਥਾਹ ਮਹਿਮਾ ਨੂੰ ਕਥਨ ਕਰਨ ਦੀ ਸ਼ਕਤੀ ਕਿਸੇ ਜੀਵ ਵਿਚ ਨਹੀਂ ਰਹੀ।

ਸਤਿਗੁਰ ਸਬਦਿ ਉਜਾਰੋ ਦੀਪਾ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥੧॥ ਰਹਾਉ॥ ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ॥ ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ॥੧॥

(ਰਾਗੁ ਬਿਲਾਵਲੁ ਮਹਲਾ ੫- ੮੨੧)

ਅਕਾਲ ਪੁਰਖ ਦੀ ਦੈਵੀ ਰੌਸ਼ਨੀ ਅਨਭਉ ਪ੍ਰਕਾਸ਼ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸਮਾਈ ਹੋਈ ਹੈ। ਇਸ ਦਾ ਪ੍ਰਕਾਸ਼ 'ਸਦੈਵੰ ਪ੍ਰਕਾਸੇਂ' ਹੋਣ ਕਰਕੇ ਕਿਸੇ ਤੇ ਨਿਰਭਰ ਨਹੀਂ ਕਰਦਾ, ਕਾਲ ਰਹਿਤ ਹੈ ਤੇ ਸਮੇਂ ਦੇ ਪਰੀਵਰਤਣ ਨਾਲ ਚੰਦਰਮਾ ਵਾਂਗਰ ਘਟਦਾ ਵਧਦਾ ਨਹੀਂ ਹੈ। ਪਰ ਸੰਸਾਰੀ ਜੀਵਾਂ ਦੇ ਨੇਤਰਾਂ ਵਿੱਚ ਅਗਿਆਨਤਾ ਦਾ ਪੜਦਾ ਛਾਇਆ ਹੋਇਆ ਹੈ ਜਿਹੜਾ ਰੱਬੀ ਜੋਤਿ ਦੇ ਅਕਸ ਨੂੰ ਹਿਰਦੇ ਵਿਚ ਪੈਣ ਨਹੀਂ ਦਿੰਦਾ।

ਇਸ ਰੋਗ ਦਾ ਦਾਰੂ ਭੀ ਗੁਰਬਾਣੀ ਤੋਂ ਪ੍ਰਾਪਤ ਹੁੰਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ।

ਸਲੋਕੁ॥ ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ (ਗਉੜੀ ਸੁਖਮਨੀ-੨੯੩)

ਭਰਮ ਦਾ ਪੜਦਾ ਦੂਰ ਕਰਨ ਤੇ ਅਗਿਆਨਤਾ ਦਾ ਅੰਧੇਰਾ ਬਿਨਾਸ ਕਰਨ ਲਈ ਅੱਖਾਂ ਨੂੰ ਜਿਹੜਾ ਸੁਰਮਾ ਰਾਸ ਆਉਂਣਾ ਹੈ ਉਹ ਸੁਰਮਾ (ਜਿਸ ਦਾ ਨਾਮ ਗਿਆਨ ਅੰਜਨ ਹੈ) ਨਕਲੀ ਹੱਟੀਆਂ ਤੇ ਨਹੀਂ ਮਿਲਦਾ ਹੈ। ਇਹ ਕੇਵਲ ਗੁਰਸੰਗਤ ਦੀ ਹੱਟ ਤੇ ਉਪਲਬਧ ਹੈ, ਉਹ ਵੀ ਕੰਚਨ ਦੇ ਬਦਲੇ ਨਹੀਂ, ਤਨ ਮਨ ਵੇਚ ਕੇ ਖਰੀਦਿਆ ਜਾਂਦਾ ਹੈ। ਇਸ ਦੀ ਸ੍ਰੇਸ਼ਟਤਾ ਅਨੋਖੇ ਗੁਣਾਂ ਕਰਕੇ ਹੈ। ਇਸ ਦੇ ਵਰਤਣ ਨਾਲ ਪਹਿਲਾ ਮਨ ਦਾ ਸ਼ੀਸ਼ਾ ਸਾਫ਼ ਨਿਰਮਲ ਤੇ ਚਮਕ ਵਾਲਾ ਬਣਦਾ ਹੈ, ਫਿਰ ਇਸ ਚਾਨਣ ਦੇ ਸਦਕੇ ਪੰਜੇ ਗਿਆਨ ਇੰਦਰੇ ਵਿਵੇਕ ਤੋਂ ਕੰਮ ਲੈਣਾ ਆਰੰਭ ਕਰਦੇ ਹਨ। ਰਸਨਾ ਨੂੰ ਵਾਹਿਗੁਰੂ ਨਾਮ ਮਿੱਠਾ ਲੱਗਦਾ ਹੈ, ਕੰਨਾਂ ਨੂੰ ਸੁੰਨ ਸਮਾਧੀ ਵਿੱਚ ਅਨਹਦ ਸ਼ਬਦ ਸੁਣਦੇ ਹਨ। ਜਿਹੜੀ ਨਾਸਿਕਾ ਪਹਿਲਾਂ ਵਿਸ਼ਿਆਂ ਦੀ ਦੁਰਗੰਧ ਵਿੱਚ ਖਚਤ ਰਹਿੰਦੀ ਸੀ, ਹੁਣ ਉਹ ਨਾਮ-ਸੁਗੰਧਤ ਬਣ ਕੇ ਕਾਇਆ ਵਿਚ ਮਸਤੀ ਦੀ ਲਹਰ ਜਗਾ ਕੇ ਗੜੂੰਦ ਕਰਨ ਦੇ ਯੋਗ ਬਣ ਗਈ ਹੈ।

ਇਸ ਅਰਸ਼ੀ ਚਾਨਣ ਨੇ ਕਈ ਵਡਭਾਗੇ ਗੁਰਸਿੱਖਾਂ ਦੇ ਰਿਦੇ ਵਿਚ ਚੰਦ ਸੂਰਜ ਨੂੰ ਮਾਤ ਕਰਨ ਵਾਲੀ ਰੌਸ਼ਨੀ ਦਾ ਪ੍ਰਕਾਸ਼ ਪ੍ਰਗਟ ਕੀਤਾ ਹੈ ਤੇ ਅਨਹਦ ਸਬਦ ਦੀ ਮਿੱਠੀ ਧੁਨੀ ਭੀ ਸਰਵਨ ਕਰਾਈ ਹੈ।

ਝਿਲਿਮਿਲਿ ਝਿਲਕੈ ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅਕਥੀ ਕਥਉ ਚਿਹਨੁ ਨਹੀ ਕੋਈ, ਪੂਰ ਰਹਿਆ ਮਨਿ ਭਾਇਦਾ॥੮॥ ਪਸਰੀ ਕਿਰਣਿ ਜੋਤਿ ਉਜਿਆਲਾ, ਕਰਿ ਕਰਿ ਦੇਖੈ ਆਪਿ ਦਇਆਲਾ॥ਅਨਹਦ ਰੁਣਝੁਣਕਾਰ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ॥

(੧੦੩੩-੩੪)

ਵਰਤਮਾਨ ਦੇ ਵਿਗਿਆਨਕ ਯੁਗ ਵਿੱਚ ਪ੍ਰਾਣੀ ਬਾਹਰੁ ਸੁਖੀ, ਰੱਜਾ ਪੁਜਾ ਤੇ ਸੁਤੰਸ਼ਟ ਦਿਖਾਈ ਦੇ ਰਿਹਾ ਹੈ ਪਰ ਵਾਸਤਵ ਵਿਚ ਉਹ ਬੇਵਸੀ ਦੇ ਝੋਰੇ ਵਿਚ ਜਾਂ ਹਉਮੈ ਤੇ ਈਰਖਾ ਦੀ ਅਗਨੀ ਵਿੱਚ ਸੜ ਬਲ ਕੇ ਕੋਇਲਾ ਬਣ ਰਿਹਾ ਹੈ। ਐਸੇ ਭਿਆਨਕ ਕਲਯੁਗੀ ਸਮੇਂ ਵਿੱਚ ਸਾਰੇ ਹੀਲੇ ਉਪਰਾਲੇ ਨਿਰਾਰਥ ਸਿੱਧ ਹੋ ਰਹੇ ਹਨ ਕਿਉਂਕਿ ਕੋਈ ਵੀ ਮੇਰੀ ਮੇਰੀ ਤਿਆਗਣ ਲਈ ਤਿਆਰ ਨਹੀਂ। ਇਕੋ ਆਸਰਾ ਗੁਰਬਾਣੀ ਦਾ ਚਾਨਣ ਹੈ ਜਿਹੜਾ ਦੇਸ ਪਰਦੇਸ ਵਿਚ ਮਾਇਆ ਨਾਗਣੀ ਦੇ ਕੁਸੰਭੜੇ ਰੰਗ ਤੇ ਹਉਮੈ ਦੀ ਜ਼ਹਿਰ ਦੀ ਹਕੀਕਤ ਨੂੰ ਨਜ਼ਰ ਕਰਕੇ ਮਾਨਵਤਾ, ਸ਼ਾਂਤੀ, ਪ੍ਰਸਪਰ ਪਿਆਰ ਤੇ ਸਦਭਾਵਨਾ ਦਾ ਮਾਰਗ ਦਿਖਾ ਸਕਦਾ ਹੈ।


www.AKJ.Org

# ਜਤ ਸਤ ਤੇ ਸਿੱਖੀ

(ਗਿਆਨੀ ਜਸਮੇਰ ਸਿੰਘ ਜੀ ਪਾਲ)

ਸਿੱਖੀ ਤੇ ਜਤ ਸਤ ਦਾ ਇੰਨਾ ਗੂੜ੍ਹਾ ਸਬੰਧ ਹੈ ਜਿੰਨਾ ਮਛੀ ਤੇ ਪਾਣੀ ਦਾ। ਉਚ ਆਚਰਨ ਨੂੰ ਸਿੱਖੀ ਵਿਚੰ ਜਤ ਸਤ ਆਖਦੇ ਹਨ। ਸਿੱਖ ਦੀ ਉਚਾਈ ਉਸ ਦੇ ਉਚ ਆਚਰਨ ਤੋਂ ਦੇਖੀ ਜਾਣੀ ਹੈ।

ਹਿੰਦੂ ਧਰਮ ਵਿਚ ਕਿਸੇ ਮਨੁੱਖ ਨੂੰ ਬਿਲਕੁਲ ਹੀ ਵਿਆਹ ਨਾ ਕਰਵਾਉਣਾ ਜਤ ਸਤ ਮੰਨਿਆ ਗਿਆ ਹੈ। ਭਗਤ ਤੁਲਸੀ ਦਾਸ ਜੀ ਲਿਖਦੇ ਹਨ ਕਿ-

ਜਨਨੀ ਜਨੇ ਤ ਭਗਤ ਜਨ, ਕੈ ਦਾਤਾ ਕੈ ਸੂਰ॥
ਨਾਹਿ ਤ ਜਨਨੀ ਬਾਂਝ ਰਹੇ, ਕਾਹੇ ਗਵਾਏ ਨੂਰ॥

ਬਿਲਕੁਲ ਹੀ ਬੇਲਾਗ ਰਹਿਣਾ ਕਿਸੇ ਖ਼ਾਸ ਬੰਦੇ ਲਈ ਜਾਂ ਕੁਝ ਬੰਦਿਆਂ ਲਈ ਤਾਂ ਸੰਭਵ ਹੋ ਸਕਦਾ ਹੈ, ਪਰੰਤੂ ਇਸ ਨੂੰ ਸਮੁਚੇ ਤੌਰ ਤੇ ਸਾਰੇ ਨਹੀਂ ਅਪਣਾ ਸਕਦੇ। ਕੁਦਰਤੀ ਨਿਯਮਾਂ ਅਨੁਸਾਰ ਜਾਨਵਰਾਂ ਦੇ ਜੋੜੇ ਹਨ, ਪੰਛੀਆਂ ਦੀਆਂ ਜੋੜੀਆਂ ਹਨ। ਗੁਰਮਤਿ ਅਨੁਸਾਰ ਵਿਆਹ ਕੁਦਰਤੀ ਨਿਯਮਾਂ ਤੋਂ ਵਿਰੁਧ ਨਹੀਂ। ਜ਼ਿੰਦਗੀ ਦੀਆਂ ਸਾਰੀਆਂ ਰਸਮਾਂ ਵਿਚੋਂ ਅਨੰਦ ਵਿਆਹ ਨੂੰ ਸਿਰਮੌਰ ਗਿਣਿਆ ਗਿਆ ਹੈ। ਗੁਰਮਤਿ ਧਰਮ ਇਸ ਦੀ ਵੀ ਆਗਿਆ ਨਹੀਂ ਦਿੰਦਾ ਕਿ ਘਰੋਗੀ ਝੰਝਟਾਂ ਵਿਚ ਇੰਨੇ ਉਲਝ ਜਾਉ ਕਿ ਤੁਹਾਨੂੰ ਪਾਰਬ੍ਰਹਮ ਦੀ, ਧਰਮ ਦੀ ਸਾਰ ਲੈਣੀ ਔਖੀ ਹੋ ਜਾਵੇ। *'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ'* ਦਾ ਸਿੱਖ-ਮਾਰਗ-ਦਰਸ਼ਨ ਹੈ। ਗੁਰਮਤਿ 'ਏਕਾ ਨਾਰੀ ਜਤੀ ਹੋਇ' ਦੀ ਪ੍ਰੋੜ੍ਹਤਾ ਕਰਦੀ ਹੈ।

ਹਿੰਦੂ ਧਰਮ ਅਨੁਸਾਰ ਜ਼ਿੰਦਗੀ ਇਕ ਮੁਕੰਮਲ ਸੰਜੋਗ ਨਹੀਂ। ਇਹ ਜ਼ਿੰਦਗੀ ਨੂੰ ਕੁਝ ਹਿਸਿਆਂ ਵਿਚ ਵੰਡਦਾ ਹੈ ਅਤੇ ਅੰਤ ਵਿਚ ਸੰਨਿਆਸ ਧਾਰਨ ਦਾ ਉਪਦੇਸ਼ ਦਿੰਦਾ ਹੈ।

ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਕੰਮ ਕਾਰ ਕਰਦੇ ਹੋਏ, ਗ੍ਰਹਿਸਤ ਵਿਚ ਰਹਿੰਦੇ ਹੋਏ, ਲਿਵ ਪਾਰਬ੍ਰਹਮ ਨਾਲ ਜੋੜੋ। ਗ੍ਰਹਿਸਤ ਬੰਧਨ ਰੂਪ ਨਹੀਂ। ਮਾਇਆ ਵਿਚ ਉਦਾਸ ਰਹੋ। ਗੁਰੂ ਨਾਨਕ ਨੇ ਮਾਇਆ ਤਿਆਗੀ, ਸੰਸਾਰ ਦਾ ਤਿਆਗ ਨਹੀਂ ਕੀਤਾ। ਕਾਮ ਕਰੋਧ ਲੋਭ ਮੋਹ ਤੋਂ ਅਸਾਂ ਸੇਵਾ ਲੈਣੀ ਹੈ, ਇਨ੍ਹਾਂ ਨੂੰ ਕਤਲ ਨਹੀਂ ਕਰਨਾ। ਕਾਮ ਨੇ ਜਗਤ ਦੀ ਉਤਪਤੀ ਕਰਨੀ ਹੈ। ਕਰੋਧ ਨੂੰ ਸਵੈਮਾਨ ਵਿਚ ਬਦਲੋ। ਲੋਭ ਨੂੰ ਪੁਰਸ਼ਾਰਥ ਵਿਚ ਰੰਗੋ। ਮੋਹ ਉਚੇ ਅਸੂਲਾਂ ਨਾਲ ਪਾਓ। ਹੰਕਾਰ ਨੂੰ ਨਿਮਰਤਾ ਵਿਚ ਲਿਆਓ। ਇਸ ਤਰ੍ਹਾਂ ਮੁਕੰਮਲ ਜ਼ਿੰਦਗੀ ਦੀ ਉਸਾਰੀ ਹੁੰਦੀ ਹੈ। ਗੁਰਮਤਿ ਨੇ ਜੀਵਨ ਸਮਤੋਲ ਪੈਦਾ ਕੀਤਾ।

ਹਿੰਦੂ ਧਰਮ ਦੇ ਸਮਰਥਕ ਮਨੂੰ ਜੀ ਹੋਏ ਹਨ। ਉਨ੍ਹਾਂ ਅਨੁਸਾਰ ਧਾਤੂ ਦਾ ਗਿਰਨਾ ਮੌਤ ਹੈ। ਮਨੂੰ ਜੀ ਕਹਿੰਦੇ ਹਨ, ਜਦ ਤੀਕ ਬੱਚੇ ਸਕੂਲਾਂ ਵਿਚ ਵਿਦਿਆ ਹਾਸਲ ਕਰਦੇ ਹੋਣ ਉਨ੍ਹਾਂ ਨੂੰ ਆਪਣੀਆਂ ਵਾਸ਼ਨਾਵਾਂ ਪੁਰ ਜ਼ਬਤ ਰਖਣਾ ਚਾਹੀਏ। ਉਨ੍ਹਾਂ ਨੂੰ ਸ਼ਰਾਬ ਮਾਸ ਤੇ ਗਰਮ ਮਸਾਲਿਆਂ ਦੇ ਅਹਾਰ ਤੋਂ ਪਰਹੇਜ਼ ਕਰਨਾ ਚਾਹੀਏ। ਫੁਲਾਂ ਦੇ ਹਾਰ ਤੇ ਖ਼ੁਸ਼ਬੂਆਂ ਦਾ ਅੰਜਨ ਨਾ ਵਰਤਣ। ਜੂਆ ਨਾ ਖੇਲਣ, ਗਪਾਂ ਨਾ ਮਾਰਨ। ਝੂਠ ਨਾ ਬੋਲਣ। ਇਸਤ੍ਰੀਆਂ ਨੂੰ ਕਾਮ-ਵੇਹੜੀਆਂ ਅੱਖਾਂ ਨਾਲ ਨ ਵੇਖਣ। ਇਕੱਠੇ ਨਾ ਸੌਣ। ਖ਼ਾਸ ਕਰਕੇ ਧਾਤੂ ਦੀ ਰਖਿਆ ਕਰਨ ਤੇ ਉਸ ਨੂੰ ਕਦੇ ਪਾਤ ਨਾ ਹੋਣ ਦੇਣ। ਧਾਤੂ ਦੀ ਜੀਵਨ-ਸ਼ਕਤੀ ਸਾਡੇ ਜੀਵਨ ਨੂੰ ਅਧਾਰ ਵਿਚ ਚਮਕ ਭਰ ਦਿੰਦਾ ਹੈ। ਸਾਡੀਆਂ ਗਲ੍ਹਾਂ ਉਤੇ ਦਮਕ ਮਾਰਦਾ ਹੈ। ਇਹ ਇਕ ਭਾਰੀ ਖ਼ਜਾਨਾ ਹੈ। ਇਹ ਸਾਡੇ ਖ਼ੂਨ ਦਾ ਉਤਮ ਜੌਹਰ ਹੈ।

ਮਨੂੰ ਜੀ ਅਨੁਸਾਰ ਬ੍ਰਹਮਚਾਰੀ ਲਈ ਬ੍ਰਹਮਚਰਜ ਰਖਣ ਲਈ ਹੇਠ ਲਿਖਿਆ ਪਰਹੇਜ਼ ਜ਼ਰੂਰੀ ਹੈ-

ਨਾਰੀ ਸਿਮਰਨ ਸ੍ਰਵਣ ਪੁਨ ਦ੍ਰਿਸਟਿ ਸੰਭਾਲਣ ਜੋਇ
ਗੁਹਜ ਵਾਰਤਾ ਹਾਸ ਰਿਤ ਬਹੁਤ ਸਪਰਸਣ ਹੋਇ॥

੧. ਕਿਸੇ ਇਸਤ੍ਰੀ ਵਲ ਕਾਮ-ਵੇਹੜੀਆਂ ਅੱਖਾਂ ਨਾਲ ਨ ਦੇਖੇ।
੨. ਕਿਸੇ ਇਸਤ੍ਰੀ ਨੂੰ ਕਾਮ-ਚੇਸ਼ਟਾ ਦੇ ਖ਼ਿਆਲ ਤੇ ਨਾ ਸ਼ਪਰਸ਼ ਕਰੇ।
੩. ਇਸਤ੍ਰੀਆਂ ਨਾਲ ਖੇਡੇ ਕੁਦੇ ਨਾ।
੪. ਉਨ੍ਹਾਂ ਦੇ ਹੁਸਨ ਤੇ ਹੋਰ ਹੋਰ ਗੁਣਾਂ ਦੀ ਤਾਰੀਫ਼ ਕਰਨ ਵਿਚ ਨਾ ਲਗਾ ਰਹੇ ਤੇ ਨਾ ਹੀ ਐਸੀਆਂ ਗੱਲਾਂ ਸੁਣੇ।
੫. ਕਿਸੇ ਇਸਤ੍ਰੀ ਪਾਸ ਇਕਾਂਤ ਵਿਚ ਨਾ ਬੈਠੇ।
੬. ਕਿਸੇ ਇਸਤ੍ਰੀ ਨੂੰ ਕਾਮ ਰੁਚੀ ਦੇ ਖ਼ਿਆਲ ਵਿਚ ਯਾਦ ਤਕ ਨਾ ਕਰੇ
੭. ਕਦੀ ਦਿਲ ਵਿਚ ਕਿਸੇ ਇਸਤ੍ਰੀ ਦੇ ਸੰਜੋਗ ਦਾ ਇਰਾਦਾ ਤਕ ਨਾ ਕਰੇ।


www.AKJ.Org

ਈਸਾਈ ਧਰਮ ਦੇ ਮਹਾਨ ਪਰਚਾਰਕ ਸੇਂਟ ਪਾਲ ਜੀ ਆਪਣੇ ਲੋਕਾਂ ਨੂੰ ਗ੍ਰਹਿਸਤ-ਆਸ਼ਰਮ ਬਾਬਤ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ-"ਤੁਸੀਂ ਆਪਣੀਆਂ ਇਸਤ੍ਰੀਆਂ ਨਾਲ ਇਉਂ ਪਿਆਰ ਕਰੋ, ਜਿਵੇਂ ਮਸੀਹ ਨੇ ਗਿਰਜੇ ਨਾਲ ਕੀਤਾ ਹੈ।"

ਸੁਆਮੀ ਰਾਮ ਤੀਰਥ ਜੀ ਨੇ ਇਕ ਥਾਂ ਇਉਂ ਕਿਹਾ-ਜਦ ਤੀਕ ਹਿਦੁੰਸਤਾਨ ਵਿਚ ਇਸਤ੍ਰੀ ਤੇ ਮਰਦ ਆਪਸ ਵਿਚ ਭਰਾ ਤੇ ਭੈਣ ਦੀ ਤਰ੍ਹਾਂ ਪਵਿਤਰ ਜੀਵਨ ਬਤੀਤ ਕਰਨਾ ਨਹੀਂ ਸਿਖਦੇ ਤਦ ਤੀਕ ਇਨ੍ਹਾਂ ਦੀ ਕਲਿਆਣ ਨਹੀਂ ਹੋ ਸਕਦੀ। ਆਪਸ ਵਿਚ ਐਸਾ ਪਵਿਤਰ ਜੀਵਨ ਬਤੀਤ ਕਰਨ ਦਾ ਜਿਨ੍ਹਾਂ ਨੇ ਸੁਆਦ ਚਖਿਆ ਹੈ ਉਨ੍ਹਾਂ ਦੇ ਜੀਵਨ ਅਤੀ ਸੁਖੀ ਹਨ। ਉਹ ਸਾਰੇ ਝਗੜੇ-ਝਮੇਲਿਆਂ ਤੋਂ ਛੁਟ ਗਏ ਹਨ।

ਗੁਰਮਤਿ ਸਿਧਾਂਤ ਇਸ ਦੀ ਪੁਸ਼ਟੀ ਇਉਂ ਕਰਦਾ ਹੈ। ਸੰਸਾਰ ਦੀਆਂ ਇਸਤ੍ਰੀਆਂ ਵਿਚੋਂ ਸਾਡੇ ਤੋਂ ਵਡੀਆਂ ਸਾਡੀਆਂ ਮਾਵਾਂ ਹਨ, ਹਾਣ ਦੀਆਂ ਭੈਣਾਂ ਤੇ ਛੋਟੀਆਂ ਲੜਕੀਆਂ ਹਨ। ਕੇਵਲ ਆਪਣੀ ਇਸਤ੍ਰੀ ਨਾਲ ਪਿਆਰ ਕਰੋ।

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥
(ਰੂਪ ਕੁਮਾਰ ਪ੍ਰਥਾਇ, ਪਾ:੧੦)

ਦੇਖ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ॥
(ਭਾ: ਗੁਰਦਾਸ ਜੀ, ੨੯-੧੧)

ਏਕਾ ਨਾਰੀ ਜਤੀ ਹੋਇ, ਪਰ-ਨਾਰੀ ਧੀ ਭੈਣ ਵਖਾਣੈ॥
(ਭਾ: ਗੁਰਦਾਸ ਜੀ, ੬-੮)

ਇਹ ਖ਼ਿਆਲ ਇਨਸਾਨ ਨੂੰ ਉਚਾ ਉਠਾਣ ਵਾਲਾ ਤੇ ਬੰਧਨਾਂ ਤੋਂ ਅਜ਼ਾਦ ਕਰਨ ਵਾਲਾ ਹੈ। ਗੁਰਮਤਿ ਅਨੁਸਾਰ ਇਸਤ੍ਰੀ ਮਰਦ ਦੋਹਾਂ ਦੇ ਆਪੋ ਆਪਣੇ ਸਾਂਝੇ ਫ਼ਰਜ ਹਨ। ਇਸਤ੍ਰੀ ਤੇ ਮਰਦ ਦਾ ਦਰਜਾ ਬਰਾਬਰ ਹੈ ਜਿਥੇ ਇਸਤ੍ਰੀ ਲਈ ਹੁਕਮ ਹੈ ਕਿ ਉਹ ਪਰਾਏ ਪੁਰਸ਼ ਦੀ ਝਾਕ ਨਾ ਰਖੇ ਉਥੇ ਮਰਦ ਲਈ ਵੀ ਖ਼ਾਸ ਹਦਾਇਤ ਹੈ ਕਿ ਉਹ ਪਰਾਈ ਇਸਤ੍ਰੀ ਦਾ ਸੰਗ ਨਾ ਕਰੇ। ਇਸਤ੍ਰੀ ਮਰਦ ਗ੍ਰਹਿਸਤ-ਜੀਵਨ ਦੇ ਦੋ ਪਹੀਏ ਹਨ। ਦੋਵੇਂ ਪਹੀਏ ਇਕ ਬਰਾਬਰ ਚਲਣ ਤਾਂ ਹੀ ਗ੍ਰਹਿਸਤ ਗਡੀ ਠੀਕ ਚਾਲੇ ਤੁਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦਾ ਸਤਕਾਰ ਵਧਾਇਆ। ਇਸ ਨੂੰ ਮਰਦ ਦੇ ਬਰਾਬਰ ਸਮਾਨਤਾ ਦਿਤੀ, ਪਰੰਤੂ ਇਸ ਤੋਂ ਭਾਵ ਇਹ ਨਹੀਂ ਨਿਕਲ ਸਕਦਾ ਕਿ ਇਸਤ੍ਰੀ ਜਾਤੀ ਨੂੰ ਹਰ ਪਰਕਾਰ ਦੀ ਖੁੱਲ੍ਹ ਹੈ। ਉਹ ਬੇਲੋੜਾ ਫ਼ੈਸ਼ਨ ਕਰਦੀ ਫਿਰੇ, ਨੰਗੇ ਸਿਰ ਜਿਥੇ ਮਰਜ਼ੀ ਘੁੰਮਦੀ ਫਿਰੇ ਅਤੇ ਸਿਨੇਮੇ ਦੇਖਦੀ ਫਿਰੇ। ਜ਼ਬਤ ਵਾਲਾ ਜੀਵਨ ਜੀਣ ਦੀ ਕਰੜੀ ਹਦਾਇਤ ਹੈ। ਇਸਤ੍ਰੀ ਵਾਂਗ ਹੀ ਮਰਦ ਦਾ ਫ਼ਰਜ਼ ਵੀ ਨਿਯਮ-ਬੱਧ ਹੈ। ਉਹ ਇਕ ਮੁਕੰਮਲ ਇਨਸਾਨ ਵਾਲੇ ਗੁਣ ਧਾਰਨ ਕਰੇ ਅਤ ਜ਼ਬਤ ਵਾਲਾ ਜੀਵਨ ਧਾਰਨ ਕਰੇ। ਦੋਵੇਂ ਜਤ ਸਤ ਧਾਰਨ ਕਰਨ। ਉਨ੍ਹਾਂ ਦੀ ਭਜ-ਦੌੜ ਕਿਧਰੇ ਹੋਰ ਪਾਸੇ ਨਹੀਂ ਹੋਣੀ ਚਾਹੀਦੀ। ਜੇਕਰ ਅਜਿਹਾ ਹੋਵੇਗਾ, ਜੀਵਨ ਰੂਪੀ ਰੱਥ ਦੇ ਪਹੀਏ ਪਾਸ ਪੈ ਜਾਣਗੇ, ਗ੍ਰਹਿਸਤ ਗਡੀ ਲੁੜਕ ਜਾਵੇਗੀ।

ਬਚਾਅ ਇਕੋ ਸੂਰਤ ਵਿਚ ਹੈ; ਤੇ ਉਹ ਹੈ ਪਵਿਤਰਤਾ; ਜਿਸ ਨੂੰ ਪਾਕ-ਦਮਨੀ ਵੀ ਆਖਦੇ ਹਨ। ਪਾਕ-ਦਮਨੀ (ਪਵਿਤਰਤਾ ਖ਼ੂਬਸੂਰਤ ਫੁੱਲ ਹੈ। ਇਹ ਗੁਣ ਮਨੁੱਖ ਨੂੰ ਫ਼ਰਿਸ਼ਤਾ ਬਣਾਉਂਣਾ ਹੈ। ਇਹ ਰੂਹ ਤੇ ਜਿਸਮ ਦੋਹਾਂ ਤੋਂ ਬੇਲਾਗ ਹੋਣ ਦੀ ਸਿਫ਼ਤ ਹੈ। ਇਸ ਵਿਚ ਬੜਾ ਸੰਜਮ ਧਾਰਨ ਕਰਨ ਦੀ ਲੋੜ ਹੈ। ਇਹ ਜ਼ੁਹਦ ਅਪਣੇ ਪਤੀ-ਦੇਵ ਜਾਂ ਇਸਤ੍ਰੀ ਦੇ ਸਿਵਾ ਕਿਸੇ ਹੋਰ ਥਾਂ ਸਬੰਧ ਜਾਂ ਵਾਸਤੇ ਦਾ ਚਿਤ-ਚੇਤਾ ਵੀ ਨਾ ਰਖਣ ਦਾ ਨਾਮ ਹੈ। ਇਕ ਵਾਰੀ ਕਿਸੇ ਚੇਸ਼ਟਾ ਭਰੇ ਅੰਗ ਦੇ ਸਪਰਸ਼ ਕਰਨ ਨਾਲ ਪਵਿਤਰਤਾ ਦਾ ਰਹਿਣਾ ਔਖਾ ਹੋ ਜਾਂਦਾ ਹੈ। ਫਲ ਦਰੱਖ਼ਤਾਂ ਨਾਲ ਲਗੇ ਰਹਿਣ ਕਰਕੇ ਤਰੋ-ਤਾਜ਼ਾ ਰਹਿ ਸਕਦੇ ਹਨ। ਕਈ ਵਾਰੀ ਜੇ ਫੱਲਾਂ ਨੂੰ ਇਨਸਾਨੀ ਹੱਥ ਲਗ ਜਾਵੇ ਤਦ ਉਹ ਤਾਜ਼ਾ ਨਹੀਂ ਰਹਿ ਸਕਦੇ। ਇਸੇ ਤਰ੍ਹਾਂ ਇਨਸਾਨ ਦੀ ਪਾਕ-ਦਾਮਨੀ ਇਕ ਵਾਰ ਭੰਗ ਹੋ ਜਾਵੇ ਫਿਰ ਉਸ ਦੀ ਸੰਭਾਲ ਕੇਵਲ ਜ਼ਬਤ, ਕਰੜੇ ਭਗਤੀ-ਭਾਉ ਵਿਚ ਰਹਿਣ ਕਰਕੇ ਹੀ ਹੋ ਸਕਦੀ ਹੈ। ਨਹੀਂ ਤਾਂ ਭੰਬਟਾਂ ਵਾਂਗ ਕਾਮ ਦੀ ਅੱਗ ਵਿਚ ਸੜ ਮਰਨ ਵਾਲਾ ਕੰਮ ਹੈ। ਗੁਰਬਾਣੀ ਅਜਿਹੇ ਕਾਮੀ-ਪੁਰਸ਼ਾਂ ਨੂੰ ਸਖ਼ਤ ਤਾੜਨਾ ਕਰਦੀ ਹੈ-

ਤਕਹਿ, ਨਾਰਿ ਪਰਾਈਆ, ਲੁਕਿ ਅੰਦਰਿ ਠਾਣੀ॥..
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥੨੭॥
(ਵਾਰ ਗਉੜੀ, ਪਉੜੀ ਮ:੫, ਪੰਨਾ ੩੧੫)

■ ■ ■ ■ ■ ■


www.AKJ.Org

# "ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੈ"

(ਗਿਆਨੀ ਜੀਤ ਸਿੰਘ ਜੀ.)

ਸਿਖ ਧਰਮ ਅੰਦਰ ਕੋਈ ਵੀ ਨਸ਼ਾ ਵਰਤਣਾ, ਕੁਰਹਿਤ ਹੈ। ਚਾਰ ਬਜਰ ਕੁਰਹਿਤਾਂ ਵਿਚੋਂ ਤਮਾਕੂ (ਜਗਤ ਜੂਠ) ਵਰਤਣ ਵਾਲਾ ਪਤਿਤ ਹੋ ਜਾਂਦਾ ਹੈ। ਤਮਾਕੂ ਭਾਵੇਂ ਇਕ ਮਮੂਲੀ ਨਸ਼ਾ ਸਮਝਿਆ ਜਾਂਦਾ ਹੈ ਤਾਂ ਵੀ ਇਸ ਦੇ ਵਰਤਣ ਦੀ ਏਡੀ ਸਖ਼ਤ ਮਨਾਹੀ ਹੈ। ਤਮਾਕੂ ਨੂੰ ਕੇਵਲ ਸਾਰੇ ਨਸ਼ਿਆਂ ਦਾ ਸੂਚਕ ਮਾਤਰ ਲੀਤਾ ਗਿਆ ਹੈ, ਭਾਵ ਚਿੰਨ੍ਹ ਮਾਤਰ ਸਮਝ ਕੇ ਮਨਾਹੀ ਕੀਤੀ ਗਈ ਹੈ। ਤਮਾਕੂ ਪੀਣ ਵਾਲਿਆਂ ਨੂੰ ਕਈ ਪਰਕਾਰ ਦੇ ਦੀਰਘ ਰੋਗ ਲਗ ਜਾਂਦੇ ਹਨ। ਜਿਹਾ ਕਿ ਦਮਾ, ਕੈਂਸਰ, ਤੇ ਤਪਦਿਕ ਆਦਿ। ਏਸੇ ਤਰ੍ਹਾਂ ਹੋਰ ਨਸ਼ੇ ਸ਼ਰਾਬ, ਅਫ਼ੀਮ, ਭੰਗ, ਚਰਸ, ਗਾਂਜਾ, ਕੁਕੀਨ ਆਦਿ ਸਾਰੇ ਹੀ ਵਧ ਤੋਂ ਵਧ ਹਾਨੀ ਕਾਰਕ ਹਨ।

ਨਸ਼ਾ ਮਨੁੱਖ ਕਿਸ ਵੇਲੇ ਵਰਤਦਾ ਹੈ? ਜਿਸ ਵੇਲੇ ਮਾਨਸਕ ਤੌਰ ਤੇ ਗਿਰਾਵਟ ਵਿਚ ਹੁੰਦਾ ਹੈ। ਨਸ਼ੇ ਟੁਟਾ ਹੋਇਆ ਮਨੁੱਖ ਉਲਾਰ ਹੋ ਜਾਂਦਾ ਹੈ। ਸਤੁੰਲਨ ਕਾਇਮ ਨਹੀਂ ਰਹਿੰਦਾ। ਮਤ ਵਿਚ ਬਰਲ ਪੈ ਜਾਂਦਾ ਹੈ। ਕਈ ਕਹਿੰਦੇ ਹਨ ਕਿ ਗ਼ਮ ਗ਼ਲਤ ਕਰਨ ਲਈ ਨਸ਼ੇ ਵਰਤਦੇ ਹਨ। ਚਿੰਤਾਵਾਂ, ਫ਼ਿਕਰਾਂ ਨੂੰ ਭੁਲਾਉਣ ਵਾਸਤੇ ਨਸ਼ੇ ਵਿਚ ਮਦਹੋਸ਼ ਹੋ ਜਾਂਦੇ ਹਨ। ਭਾਵੇਂ ਉਹ ਚਿੰਤਾ, ਫ਼ਿਕਰ ਸਗੋਂ ਦੂਣਾ ਰੂਪ ਧਾਰ ਕੇ ਫਿਰ ਸਾਹਮਣੇ ਆ ਖੜੋਂਦੀ ਹੈ। ਝਟ ਘੜੀ ਦੀ ਬੇਹੋਸ਼ੀ ਵਿਚ ਭਾਵੇਂ ਮਨੁੱਖ ਭੁਲਾ ਰਹਿੰਦਾ ਹੈ ਬੇਹੋਸ਼ੀ ਵਿਚ ਤਾਂ ਹੋਸ਼ ਹੀ ਨਹੀਂ ਰਹਿੰਦੀ। ਨਸ਼ਾ ਕੋਈ ਵੀ ਹੋਵੇ, ਮਨੁੱਖੀ ਸਰੀਰ ਤੇ ਮਾਰੂ ਅਸਰ ਕਰਦਾ ਹੈ। ਦਿਲ, ਦਿਮਾਗ਼, ਫੇਫੜਿਆਂ ਦੀਆਂ ਬਰੀਕ ਸੂਖਮ ਨਾੜਾਂ ਨੂੰ ਉਤੇਜਤ ਕਰਦਾ ਹੈ। ਤੇ ਖ਼ੂਨ ਦਾ ਦਬਾਉ ਵਧ ਜਾਂਦਾ ਹੈ, ਜੋ ਪਿਛੋਂ ਵਧੇਰੇ ਕਮਜ਼ੋਰੀ ਦਾ ਕਾਰਨ, ਤੇ ਰੋਗ ਦਾ ਕਾਰਨ ਬਣਦਾ ਹੈ। ਏਸੇ ਤਰ੍ਹਾਂ ਜਿਗਰ ਤੇ ਗੁਰਦਿਆਂ ਦੇ ਰੋਗਾਂ ਦਾ ਕਾਰਨ ਵੀ ਬਣਦਾ ਹੈ।

ਮਾਰੂ ਨਸ਼ਿਆਂ ਵਿਚੋਂ ਅਸੀਂ ਇਥੇ ਕੇਵਲ ਸ਼ਰਾਬ ਨੂੰ ਹੀ ਲੈਂਦੇ ਹਾਂ, ਜੋ ਕਿ ਅੱਜ ਕਲ੍ਹ ਸਿਖ ਜਨਤਾ ਵਿਚ ਦਿਨੋ ਦਿਨ ਵਧਦੀ ਜਾ ਰਹੀ ਹੈ। ਜਾਂ ਤਾਂ ਇਸ ਦੇ ਮਾਰੂ ਅਸਰਾਂ ਦਾ ਪਤਾ ਨਹੀਂ ਤੇ ਜਾਂ ਵਰਤਣ ਵਾਲੇ ਨੂੰ ਗੁਰਮਤ-ਵਿਰੋਧੀ ਹੋਣ ਦਾ ਪਤਾ ਨਹੀਂ। ਕਈ ਸਿੰਘ ਸਭਾਵਾਂ ਦੇ ਪਰਧਾਨ, ਸਕੱਤਰ, ਧਾਰਮਕ ਆਗੂ, ਰਾਗੀ, ਪ੍ਰਚਾਰਕ, ਗਰੰਥੀ ਇਸ ਦੀ ਵਰਤੋਂ ਕਰਨ ਲਗ ਪਏ ਹਨ। ਜਿਸ ਕਾਰਨ ਇਹ ਹੋਰ ਪਰਚਲਤ ਹੁੰਦੀ ਜਾ ਰਹੀ ਹੈ। ਜੇਕਰ ਧਰਮ ਦੇ ਰਖਵਾਲੇ ਹੀ ਧਰਮ-ਵਿਰੋਧੀ ਕੁਕਰਮਾਂ ਵਿਚ ਫਸ ਜਾਣ ਤਾਂ ਆਮ ਸਿਖ ਸੰਗਤ, ਸਿਖ ਜਨਤਾ, ਸਿਖ ਨੌਜਵਾਨਾਂ ਨੂੰ ਸਿਧੇ ਰਾਹ ਪਾਉਣ ਵਾਲਾ ਜਾਂ ਰੋਕਣ ਵਾਲਾ ਫਿਰ ਕੌਣ ਹੈ? ਸ਼ਰਾਬ ਦੇ ਅਨੇਕਾਂ ਹੀ ਹਾਨੀਕਾਰਕ ਅਸਰ ਹਨ। ਸ਼ਰਾਬ ਮਨੁੱਖੀ ਸਰੀਰ, ਮਨ, ਆਤਮਾ ਨੂੰ ਰੋਗੀ ਬਣਾ ਦੇਂਦੀ ਹੈ। ਅਰੋਗ ਮਨ ਜਾਂ ਅਰੋਗ ਖ਼ਿਆਲਾਂ ਨਾਲ ਹੀ ਅਰੋਗ ਆਤਮਾ ਜਾਂ ਅਰੋਗ ਸਰੀਰ ਹੋ ਸਕਦਾ ਹੈ।

ਇਸ ਬਾਰੇ ਗੁਰਮਤਿ-ਵੀਚਾਰ ਇਉਂ ਹੈ-

ਸਿਖ ਦਾ ਇਸ਼ਟ ਗੁਰੂ ਗਰੰਥ ਸਾਹਿਬ ਜੀ ਹਨ। ਗੁਰਬਾਣੀ ਨੂੰ ਮੰਨਣ ਵਾਲਾ ਹੀ ਸਿਖ ਅਖਵਾ ਸਕਦਾ ਹੈ। ਗੁਰ-ਮਰਯਾਦਾ ਤੇ ਗੁਰਮਤਿ ਰਹਿਤ ਤੇ ਚਲਣਾ ਹੀ ਸਿੱਖੀ ਹੈ। ਸ਼ਰਾਬ ਪੀਣ ਵਾਲੇ ਕਈ ਸਿਖ ਇਹ ਕਹਿੰਦੇ ਸੁਣੇ ਗਏ ਹਨ ਕਿ "ਸ਼ਰਾਬ ਨੂੰ ਚਹੁੰ ਬਜਰ ਕੁਰਹਿਤਾਂ ਵਿਚ ਨਹੀਂ ਲਿਖਿਆ, ਸੋ ਸਿਖ ਪਤਤ ਨਹੀਂ ਹੁੰਦਾ।" ਪਿਆਰਿਓ, ਏਸ ਪ੍ਰਸ਼ਨ ਦਾ ਉਤਰ ਦੇਣ ਲਈ ਇਹ ਲੇਖ ਹੈ। ਜ਼ਰਾ ਸੋਚੋ, ਜੇ ਉਹ ਪਤਿਤ ਨਹੀਂ ਹੁੰਦਾ ਤਾਂ ਉਹ ਤਾਂ ਗੁਰੂ ਗਰੰਥ ਸਾਹਿਬ ਜੀ ਦਾ ਸਿਖ ਹੀ ਨਹੀਂ ਰਹਿੰਦਾ। ਗੁਰਬਾਣੀ ਗੁਰ-ਮਰਯਾਦਾ ਸਾਨੂੰ ਸਾਰੇ ਨਸ਼ਿਆਂ ਤੋਂ ਰੋਕਦੀ ਹੈ। ਜੋ ਸਿਖ ਗੁਰਬਾਣੀ, ਗੁਰ-ਸ਼ਬਦ ਦੇ ਹੁਕਮ ਦੀ ਉਲੰਘਣਾ ਕਰਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਅਖਵਾਉਣ ਦਾ ਕਿਵੇਂ ਹੱਕਦਾਰ ਹੋ ਸਕਦਾ ਹੈ। ਗੁਰੂ ਗਰੰਥ ਸਾਹਿਬ ਜੀ ਸਾਨੂੰ ਸ਼ਰਾਬ ਪੀਣ ਤੋਂ ਖ਼ਾਸ ਤੌਰ ਤੇ ਮਨ੍ਹਾ ਕਰਦੇ ਹਨ। ਸਤਿਗੁਰੂ ਜੀ ਦਾ ਸਿਖ ਨੂੰ ਉਪਦੇਸ਼ ਹੈ:-

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ॥ ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥ ਨਾਨਕ ਨਦਰੀ ਸਚੁ ਮਦੁ ਪਾਈਐ,


www.AKJ.Org

ਸਤਿਗੁਰੁ ਮਿਲੈ ਜਿਸੁ ਆਇ॥ ਸਦਾ ਸਾਹਿਬ ਕੈ ਰੰਗ ਰਹੈ ਮਹਲੀ ਪਾਵੈ ਥਾਉ॥੧॥

(ਵਾਰ ਬਿਹਾਗੜਾ, ਸਲੋਕ ਮ:੩ ਪੰਨਾ ੫੫੪)

ਕੀ ਅਜੇ ਵੀ ਕਿਸੇ ਸਿਖ ਨੂੰ ਸ਼ਕ ਜਾਂ ਭੁਲੇਖਾਂ ਰਹਿ ਜਾਂਦਾ ਹੈ ਕਿ ਸਾਨੂੰ ਕਿਹੜਾ ਗੁਰੂ ਨੇ ਮਨ੍ਹਾ ਕੀਤਾ ਹੈ? ਸਤਿਗੁਰੁ ਜੀ ਤਾਂ ਇਸ ਝੂਠੇ ਮਦ ਤੋਂ ਸਾਫ਼ ਮਨ੍ਹਾ ਕਰਦੇ ਹਨ- "ਝੂਠਾ ਮਦੁ ਮੂਲਿ ਨ ਪੀਚਈ"। ਇਸ ਮਦ (ਸ਼ਰਾਬ) ਦੇ ਪੀਣ ਨਾਲ ਮਤ ਮਾਰੀ ਜਾਂਦੀ ਹੈ; ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ; ਵਾਹਿਗੁਰੂ ਦੇ ਦਰੋਂ ਧੱਕੇ ਪੈਂਣੇ ਹਨ ਅਤੇ ਦਰਗਹ ਵਿਚੋਂ ਸਜ਼ਾ ਮਿਲਦੀ ਹੈ, ਕੀ ਐਸੀ ਸ਼ਰਾਬ ਨੂੰ ਪੀਣਾ ਗੁਰਸਿਖਾਂ ਲਈ ਵਿਵਰਜਿਤ ਨਹੀਂ? ਕੀ ਵਾਹਿਗੁਰੂ ਦੇ ਦਰ ਤੋਂ ਧੱਕੇ ਪੈਣ ਵਾਲੇ ਅਤੇ ਦਰਗਹ ਤੋਂ ਸਜ਼ਾ ਮਿਲਣ ਵਾਲੇ ਨੂੰ ਅਸੀਂ ਪਤਿਤ ਨਹੀਂ ਆਖ ਸਕਦੇ ? ਜੇ ਨਹੀਂ ਤਾਂ ਉਸ ਨੂੰ ਕੀ ਆਖਾਂਗੇ?

ਗੁਰੂ ਨਾਨਕ ਸਾਹਿਬ ਜੀ ਇਸੇ ਵਾਰ ਸਲੋਕ ਵਿਚ ਹੋਰ ਫ਼ੁਰਮਾਉਂਣੇ ਹਨ ਕਿ-

ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ॥....

(ਪੰਨਾ ੫੫੩)

ਐਸੀ ਸ਼ਰਾਬ ਜੋ ਗੁੜ, ਲਹਣਿ ਤੇ ਭਠੀ ਵਿਚ ਤਿਆਰ ਕੀਤੀ ਜਾਂਦੀ ਹੈ ਤੇ ਜਿਸ ਦੇ ਪੀਣ ਨਾਲ ਹਰ ਪਰਕਾਰ ਦੇ ਵਿਕਾਰ ਪੈਦਾ ਹੁੰਦੇ ਹਨ, ਇਹ ਸ਼ਰਾਬ ਹੀ ਸਭ ਔਗੁਣਾਂ ਦੀ ਜੜ੍ਹ ਹੈ। ਇਸ ਦੇ ਵਰਤਣ ਵਾਲਾ ਕਦੇ ਔਗੁਣਾਂ ਤੋਂ ਬਚ ਨਹੀਂ ਸਕਦਾ। ਉਸ ਨੂੰ ਗੁਰਮਤਿ ਤੇ ਗੁਰਸਿਖੀ ਦੀ ਕੀ ਸਾਰ ਹੋ ਸਕਦੀ ਹੈ? ਜਿਸ ਸਿੱਖ ਦੇ ਅੰਦਰ ਅੰਮ੍ਰਿਤ ਦੀ ਤਾਂਘ ਹੈ, ਕਦਰ ਹੈ, ਉਹ ਸ਼ਰਾਬ ਨੂੰ ਕਦੇ ਥੁਕੇਗਾ ਵੀ ਨਹੀਂ। ਪਰ ਜੋ ਸ਼ਰਾਬ ਪੀਂਦਾ ਹੈ ਉਸ ਨੂੰ ਅੰਮ੍ਰਿਤ ਦੇ ਰਸ ਦਾ ਕੀ ਪਤਾ? ਸਾਹਿਬ ਫ਼ੁਰਮਾਉਂਦੇ ਹਨ-

ਕਾਂਯਾਂ ਲਾਹਣਿ ਆਪੁ ਮਦੁ, ਅੰਮ੍ਰਿਤ ਤਿਸ ਕੀ ਧਾਰ॥ ਸਤਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ, ਪੀ ਪੀ ਕਟਹਿ ਬਿਕਾਰ॥ (ਪੰਨਾ ੫੫੩)

ਸਤਿਸੰਗਤ ਵਿਚ ਆਉਣ ਵਾਲਾ, ਤੇ ਅੰਮ੍ਰਿਤ ਛਕਣ ਵਾਲਾ, ਜੇ ਅਜੇ ਸ਼ਰਾਬ ਪੀਂਦਾ ਹੈ ਤਾਂ ਉਸ ਨੂੰ ਅੰਮ੍ਰਿਤ ਦੀ ਸਾਰ ਹੀ ਨਹੀਂ ਆਈ। ਜਿਸ ਮੂੰਹ ਵਿਚ ਅੰਮ੍ਰਿਤ ਪਾਇਆ ਜਾਵੇ, ਉਸ ਮੂੰਹ ਵਿਚ ਬਿਖ (ਵਿਸ਼ਟਾ) ਕੌਣ ਪਾਵੇਗਾ? ਅੰਮ੍ਰਿਤ ਬਾਣੀ ਹੈ। "ਅੰਮ੍ਰਿਤ ਏਕੋ ਸਬਦ ਹੈ।" ਸਿਖ ਨੇ ਬਾਣੀ ਜਿਸ ਰਸਨਾ ਨਾਲ ਪੜ੍ਹਨੀ ਹੈ, ਉਸ ਰਸਨਾ ਨੂੰ ਬਿਖ ਸ਼ਰਾਬ ਪਿਲਾਣੀ, ਬਾਣੀ ਦਾ ਨਿਰਾਦਰ ਹੈ। ਸਾਡੇ ਗੁਰਦਵਾਰਿਆਂ ਦੇ ਆਗੂ ਜ਼ਰਾ ਗੁਰੂ ਦੇ ਹੁਕਮਾਂ ਵਲ ਧਿਆਨ ਦੇਣ, ਪੰਚਮ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ:-

ਦੁਰਮਤਿ ਮਦੁ ਜੋ ਪੀਵਤੇ, ਬਿਖਲੀਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ, ਨਾਨਕ ਸਚ ਅਮਲੀ॥

(ਆਸਾ ਮ:੫, ਪੰਨਾ ੩੯੯)

ਇਹ ਸ਼ਰਾਬ ਪੀਣ ਵਾਲੇ ਮਨੁੱਖ ਗੁਰੂ ਦਾ ਆਸਰਾ ਛਡ ਕੇ ਖੋਟੀ ਮਤ ਦੇ ਪਿਛੇ ਲਗ ਜਾਂਦੇ ਹਨ। ਇਹ ਫਿਰ (ਦੁਰਾਚਾਰਨ ਦੇ ਪਤੀ) ਭਾਵ ਦੁਰਾਚਾਰੀ, ਵਿਕਾਰੀ ਹੋ ਜਾਂਦੇ ਹਨ। ਪਰ ਜੋ ਮਨੁਖ ਪ੍ਰਭੂ-ਨਾਮ ਦਾ ਰਸ ਪੀਂਦੇ ਹਨ, ਸਤਿਗੁਰੂ ਕਹਿੰਦੇ ਹਨ ਉਹ ਅਟੱਲ, ਸਰੇਸ਼ਟ ਸਦਾ ਰਹਿਣ ਵਾਲੇ ਨਾਮ-ਰਸ ਵਿਚ ਮਸਤ ਰਹਿੰਦੇ ਹਨ, ਤੇ ਨਾਮ-ਰਸ ਦੇ ਅਮਲੀ ਹੋ ਜਾਂਦੇ ਹਨ।

ਇਕ ਸਮੇਂ ਮਨੁੱਖ ਇਕੋ ਹੀ ਕਰਮ ਕਰ ਸਕਦਾ ਹੈ, ਚੰਗਾ ਵੀ ਕਰਦਾ ਹੈ ਤਾਂ ਉਹ ਵਾਹਿਗੁਰੂ ਨੂੰ ਨਹੀਂ ਪਤਿਆ ਸਕਦਾ, ਜੇ ਅੰਦਰੋਂ ਜਾਂ ਨਾਲ ਨਾਲ ਮੰਦਾ ਕਰਮ ਨਹੀਂ ਛੱਡਦਾ। ਮਨੁੱਖ ਇਕ ਪੈਰ ਤੇ ਖੜਾ ਹੋ ਸਕਦਾ ਹੈ ਅਤੇ ਦੂਜਾ ਉਤਾਂਹ ਚੁਕ ਸਕਦਾ ਹੈ। ਪਰ ਜੇ ਉਹ ਚਾਹੇ ਕਿ ਦੂਜਾ ਪੈਰ ਜਿਸ ਤੇ ਖੜਾ ਹੈ, ਉਹ ਵੀ ਉਤਾਂਹ ਚੁਕੇ ਤਾਂ ਉਸ ਨੂੰ ਪਹਿਲਾਂ ਜੋ ਉਪਰ ਹੈ, ਥਲੇ ਕਰਨਾ ਪਵੇਗਾ। ਸੋ ਆਦਮੀ ਜਾਂ ਤਾਂ ਨੇਕੀ ਕਰ ਰਿਹਾ ਹੁੰਦਾ ਹੈ ਜਾਂ ਬਦੀ। ਜੇ ਉਸ ਦੇ ਦਿਲ ਦੀ ਨੀਯਤ ਬਦੀ ਵਾਲੇ ਕਰਮ ਨਹੀਂ ਛਡਦੀ ਤਾਂ ਉਸ ਦੇ ਨੇਕ ਕੰਮ ਵੀ ਵਿਖਾਵਾ ਹੈ।

ਜੋ ਇਹ ਕਹਿੰਦੇ ਹਨ ਕਿ ਅਸੀਂ ਧਾਰਮਕ ਆਗੂ ਵੀ ਬਣੇ ਰਹੀਏ ਤੇ ਗੁਰਮਤਿ-ਵਿਰੋਧੀ ਕਰਮ ਵੀ ਕਰਦੇ ਜਾਈਏ, ਉਹ ਥੋੜੀ ਦੇਰ ਲਈ ਤਾਂ ਛੁਪ ਸਕਦੇ ਹਨ ਪਰ ਬਹੁਤਾ ਚਿਰ ਨਹੀਂ। ਜੋ ਇਹ ਕਹਿੰਦੇ ਹਨ ਕਿ ਫਲਾਣਾ ਬਹੁਤ ਗੁਰਮੁਖ ਹੈ, ਸੇਵਾ ਕਰਦਾ ਹੈ, ਦਾਨ ਵੀ ਬਹੁਤ ਕਰਦਾ ਹੈ ਪਰ ਸ਼ਰਾਬ ਵੀ ਪੀਂਦਾ ਹੈ, ਉਸ ਦੇ ਸੇਵਾ,ਦਾਨ ਆਦਿ ਵਿਚ ਵੀ ਕੋਈ ਸਵਾਰਥ ਭਰੀ ਹਉਮੈ ਹੋਵੇਗੀ; ਉਹ ਗੁਰੂ-ਦਰਬਾਰ ਪਰਵਾਨ ਨਹੀਂ ਹੋ ਸਕਦੀ, ਆਖ਼ਰ ਜ਼ਾਹਰ ਹੋ ਜਾਵੇਗੀ। • • •


www.AKJ.Org

# ਸਾਬਤਿ ਸੂਰਤਿ ਦਸਤਾਰ ਸਿਰਾ

(ਨਰਿੰਦਰ ਕੌਰ 'ਫੇਰੋਚੇਚੀ' ਗੁਰਦਾਸਪੁਰ)

ਝੁਮਕੇ ਨੱਥਾਂ ਛੱਲੇ ਐਵੇਂ ਵਾਧੂ ਦਾ ਹੀ ਭਾਰ ਜੇ।
ਸਾਬਤਿ ਸੂਰਤਿ ਦਸਤਾਰ ਸਿਰਾ ਇਹੋ ਸ਼ਿੰਗਾਰ ਜੇ।
ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸਤਿਗੁਰੂ ਜੀ ਨੇ,
ਊਚ ਨੀਚ ਜਾਤ ਪਾਤ ਦਾ ਭੇਦ ਮਿਟਾਇਆ ਸੀ।
'ਸੋ ਕਿਉ ਮੰਦਾ ਆਖੀਐ, ਜਿਤੁ ਜੰਮੈ ਰਾਜਾਨ'
ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ।
ਇਕ ਹੀ ਰਹਿਤ ਦਰਸਾਈ ਸਤਿਗੁਰੂ ਜੀ ਨੇ ਜਦ ਅੰਮ੍ਰਿਤ ਛਕਾਇਆ ਸੀ।
ਪ੍ਰਚੀਨ ਮਾਵਾਂ ਬੀਬੀਆਂ ਭੈਣਾਂ ਨੇ ਵੀ, ਖਾਲਸਈ ਸ਼ਾਨ ਲਈ ਤੇ
ਕੇਸ਼ਾਂ ਦੀ ਸੰਭਾਲ ਲਈ, ਦਸਤਾਰ ਨੂੰ ਸਜਾਇਆ ਸੀ।
ਅੱਜ ਕੌਮ ਦੀ ਹਾਲਤ ਵੇਖੋ ਡਾਢੀ ਦੁਖ ਭਰੀ ਹੋ ਗਈ।
ਖੰਡੇ ਬਾਟੇ ਦਾ ਅੰਮ੍ਰਿਤ ਇਕ ਹੈ
ਰਹਿਤ ਮਰਿਯਾਦਾ ਕਿਵੇਂ ਵੱਖੋ ਵੱਖ ਹੋ ਗਈ।
ਕੰਘਾ ਦੋਨੋਂ ਵਕਤ ਕਰ ਪਾਂਗ ਚੁਨੇ ਕਰ ਬਾਧਈਂ
ਸਭ ਲਈ ਸਾਂਝਾਂ ਹੁਕਮ ਫਰਮਾਇਆ ਸੀ।
ਖਾਲਸਾ ਰਹੇ ਸਭ ਤੋਂ ਨਿਆਰਾ ਤਾਂ ਹੀ ਕੇਸਕੀ ਨੂੰ ਸਜਾਇਆ ਸੀ।
'ਸਾਬਤਿ ਸੂਰਤਿ ਦਸਤਾਰ ਸਿਰਾ' ਇਹੋ ਨਾਹਰਾ ਲਾਇਆ ਸੀ।

---

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਅਤਿ ਮਹਾਨ ਅਤੇ ਅੰਤਰ-ਰਾਸ਼ਟਰੀ ਗੁਰੂ ਹਨ ਜਿਨ੍ਹਾਂ ਦੇ ਰਾਹੀਂ ਮਨੁੱਖਤਾ ਦਾ ਕਲਿਆਨ ਹੋ ਸਕਦਾ ਹੈ। ਹੋਰ ਕੋਈ ਭੀ ਸ਼ਖਸੀ ਸਾਧਨ ਸੰਸਾਰ ਮੁਕਤੀ ਅਤੇ ਸ਼ਾਂਤੀ ਨਹੀਂ ਦੇ ਸਕਦਾ। ਅੱਜ ਮਨੁੱਖ ਆਪਣੇ ਜੁਗ ਵਿੱਚੋਂ ਲੰਘ ਰਿਹਾ ਹੈ। ਜ਼ਿੰਦਗੀ ਬੜੀ ਜਦੋ-ਜਹਿਦ ਵਿੱਚ ਤੇਜ਼ੀ ਨਾਲ ਲੰਘ ਰਹੀ ਹੈ। ਹਰ ਆਦਮੀ, ਹਰ ਫਿਰਕਾ, ਹਰ ਮਜ਼ਹਬ ਤੇ ਹਰ ਦੇਸ਼ ਇਕ ਦੂਜੇ ਨੂੰ ਪਛਵਾੜੇ ਸੁੱਟ ਕੇ ਅੱਗੇ ਲੰਘਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਸ ਵਿਗਿਆਨਕ ਦੌੜ ਵਿੱਚ ਕਿਸੇ ਨੂੰ ਭੀ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ। ਦੁਨੀਆਂ ਦੇ ਲੋਕ ਮਾਇਕ ਮਸਤੀ ਦੇ ਨਸ਼ੇ ਵਿੱਚ ਮਖ਼ਮੂਰ ਹਨ। ਇਨਸਾਨ ਦੀ ਇਹ ਉਨੱਤੀ ਨਹੀਂ। ਉਨੱਤੀ ਕੇਵਲ ਆਤਮਿਕ ਉਚੱਤਾ ਤੇ ਆਤਮਿਕ ਸ਼ਾਂਤੀ ਵਿੱਚ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਆਤਮਕ ਚਾਨਣ ਅਤੇ ਆਦਰਸ਼ ਦੀ ਹਰ ਇਕ ਨੂੰ ਲੋੜ ਹੈ। ਖਾਲਸਾ ਜੀ, ਜਿਸ ਗੁਰਬਾਣੀ ਵਿੱਚ ਗੁਰੂ ਦੀ ਐਨੀ ਵੱਡੀ ਵਡਿਆਈ ਹੋਵੇ, ਉਸਦੇ ਸਤਿਕਾਰ ਅਤੇ ਅਦਬ ਦੀ ਬਹੁਤ ਜ਼ਿਆਦਾ ਲੋੜ ਹੈ।

ਸਿੱਖਾ ਵਿਚ ਆਰੰਭ ਤੋਂ ਹੀ ਕਦੀ ਭੀ ਕਿਸੇ ਸਮੇਂ ਮਨੁੱਖ ਗੁਰੂ ਨਹੀਂ ਹੋਇਆ, ਕੇਵਲ ਸ਼ਬਦ-ਗੁਰੂ ਦਾ ਸਿਧਾਂਤ ਹੀ ਪ੍ਰਚਲਤ ਰਿਹਾ ਹੈ। ਸਿੱਖਾਂ ਵਿੱਚ ਮਨੁੱਖ ਗੁਰੂ ਦੀ ਗੱਲ ਕਦੀ ਚੱਲੀ ਹੀ ਨਹੀਂ, ਨਾ ਹੀ ਚੱਲ ਸਕਦੀ ਹੈ। ਸਿੱਖਾਂ ਵਿੱਚ ਮਨੁੱਖ ਗੁਰੂ ਦੀ ਝਾਕ ਸਦਾ ਤੋਂ ਮਨਮਤ ਕਰਾਰ ਦਿੱਤੀ ਜਾਂਦੀ ਹੈ।

(ਗਿਆਨੀ ਹਰਿਭਗਤ ਸਿੰਘ ਨਾਰੰਗਵਾਲ)



www.AKJ.Org

## ਇਤਿਹਾਸ ਗੋਇੰਦਵਾਲ ਸਾਹਿਬ

(ਸ: ਦਸੌਂਧਾ ਸਿੰਘ ਜੀ)

ਇਤਿਹਾਸ ਵਿਚ ਮਿਥਿਹਾਸ-

ਪੰਜਾਬ ਦੀ ਪਵਿਤਰ ਧਰਤੀ ਗੋਇੰਦਵਾਲ ਸਾਹਿਬ ਜਿਸ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਆਪਣੇ ਆਸਣ ਬਣਾਇਆ, ਪ੍ਰਮੁਖ ਸਿਖ-ਅਸਥਾਨਾਂ ਵਿਚ ਸਭ ਤੋਂ ਪਹਿਲਾ ਇਤਿਹਾਸਕ ਅਸਥਾਨ ਹੈ। ਗੋਇੰਦਵਾਲ ਨਗਰ ਜ਼ਿਲਾ ਅੰਮ੍ਰਿਤਸਰ ਵਿਚ ਤਰਨਤਾਰਨ ਤੋਂ ਪੰਦਰ੍ਹਾਂ ਮੀਲ ਉਤਰ ਵਲ ਬਿਆਸ ਨਦੀ ਤੇ ਕੰਢੇ ਤੇ ਹੈ, ਅਤੇ ਖਡੂਰ ਸਾਹਿਬ ਤੋਂ ਕੇਵਲ ੪ ਕੁ ਮੀਲ ਤੇ ਸਥਿਤ ਹੈ। ਗੁਰੂ ਅਮਰਦਾਸ ਜੀ ਦੀ ਵਾਰਤਾ ਵਿਚ ਬਉਲੀ ਸਾਹਿਬ ਦਾ ਵਰਨਣ ਕਈ ਲਿਖਾਰੀਆਂ ਨੇ ਕੀਤਾ ਹੈ, ਪਰ ਸਮੁਚੇ ਨਗਰ ਦਾ ਇਤਿਹਾਸ ਅਜ ਤਕ ਮੇਰੀ ਨਜ਼ਰੇ ਨਹੀਂ ਪਿਆ।

ਭਾਈ ਕਾਨ੍ਹ ਸਿੰਘ ਜੀ ਨਾਭਾ "ਗੁਰਮਤਿ ਮਾਰਤੰਡ" ਦੀ ਭੂਮਕਾ (ੳ) ਵਿਚ ਲਿਖਦੇ ਹਨ, "ਸਾਡੇ ਮਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਬੁਧੀ ਅਰੁ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਰ ਹਾਨੀ ਹੋ ਰਹੀ ਹੈ। ਅਰਥਾਤ ਗੁਰਮਤਿ-ਅਨੁਸਾਰ-ਵਾਕ ਲਾਭ ਅਤੇ ਗੁਰਮਤਿ-ਵਿਰੁਧ-ਵਚਨ ਹਾਨੀ ਦਾ ਕਾਰਣ ਬਣ ਰਹੇ ਹਨ। ਇਨ੍ਹਾਂ ਗਰੰਥਾਂ ਦੀ ਡੂੰਘੀ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਤ ਦੇ ਕਵੀਆਂ ਨੇ ਅਨਯਮਤੀ ਗਰੰਥ-ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿਤੀ ਹੈ। ਬਿਨਾਂ ਛਾਣ ਬੀਣ ਕੀਤੇ ਅਨੇਕਾਂ ਪ੍ਰਸੰਗ ਐਸੇ ਲਿਖੇ ਹਨ ਜੋ ਮੂਲੋਂ ਨਿਰਮੂਲ ਅਥਵਾ ਗੁਰਮਤ ਤੋਂ ਦੂਰ ਲੈ ਜਾਣ ਵਾਲੇ ਹਨ। ਇਸ ਪਰ ਭੀ ਭਾਰੀ ਹੋਰ ਖੇਦ ਹੈ ਕਿ ਸਾਡੀ ਕੌਮ ਵਿਚ ਪਰਮਾਰਥ ਗਯਾਤਾ, ਸਤਯ ਦੇ ਖੋਜੀ ਵਿਦਵਾਨ ਬਹੁਤ ਹੀ ਘਟ ਹਨ, ਸਗੋਂ ਖੋਜੀਆਂ ਦੇ ਵੈਰੀ ਅਤੇ ਯਥਾਰਥ ਜਾਂ ਕਹਿਣ ਵਾਲਿਆਂ ਨੂੰ ਨਾਸਿਤਕ ਆਖਣ ਵਾਲਿਆਂ ਦੀ ਗਿਣਤੀ ਬਹੁਤੀ ਹੈ।"

ਅਗੇ ਜਾ ਕੇ ਫੇਰ ਲਿਖਦੇ ਹਨ, "ਸਿਖ ਧਰਮ ਵਿਚ ਕਈ ਭਰਮ ਪੈ ਗਏ ਹਨ, ਉਨ੍ਹਾਂ ਵਿਚੋਂ ਕਈ (੧) ਅਸੂਲ ਵਿਰੁਧ ਹਨ, ਕਈ (੨) ਇਤਿਹਾਸ ਵਿਰੁਧ ਅਤੇ ਕਈ (੩) ਯੁਕਤੀ ਵਿਰੁਧ।" ਅਤੇ ਉਹ ਇਸ ਬਾਰੇ ਉਦਾਹਰਣਾਂ ਵੀ ਦੇਂਦੇ ਹਨ।

ਬਾਬਾ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਦੇ ਕਥਨ ਅਨੁਸਾਰ "ਸਿਖ ਇਤਿਹਾਸ ਬਹੁਤ ਸਾਰੇ ਬੇਵਕੂਫ਼ ਦੋਸਤਾਂ ਅਤੇ ਦਾਨਾ ਦੁਸ਼ਮਣਾਂ ਦਾ ਲਿਖਿਆ ਹੋਇਆ ਹੈ।"

ਸ: ਹਰਜੰਤ ਸਿੰਘ ਜੀ ਧਾਲੀਵਾਲ ਲੰਡਨ ਵਾਸੀ ਟਰੈਕਟ "ਅਮਰ ਸ਼ਹੀਦ" ਦੇ ਪੰਨਾ ੪ ਤੇ ਲਿਖਦੇ ਹਨ "ਅਫ਼ਸੋਸ ਨਾਲ ਲਿਖਣਾ ਪਿਆ ਹੈ ਕਿ ਸਿਖ ਇਤਿਹਾਸ ਨੂੰ ਲਿਖਣ ਵਾਲੇ ਬਹੁਤ ਸਾਰੇ ਮਨ-ਮਤੀਏ ਤੇ ਗ਼ੈਰ-ਸਿਖ ਸਨ। ਜਿਥੇ ਉਨ੍ਹਾਂ ਸਿਖ ਕੌਮ ਦੀ ਵਿਸ਼ਾਲਤਾ ਲਿਖੀ ਹੈ, ਉਥੇ ਨਾਲ ਨਾਲ ਮੋਈ ਹੋਈ ਮਨੂੰ ਸਿਮਰਤੀ ਨੂੰ ਭੀ ਸੁਰਜੀਤ ਕਰ ਕੇ ਸਾਡੇ ਇਤਿਹਾਸ ਵਿਚ ਭਰਦੇ ਗਏ। ਨਤੀਜਾ ਇਹ ਹੋਇਆ ਕਿ ਅਜ ਸਿਖ ਕੌਮ ਗੁਰਮਤਿ ਨੂੰ ਛਡ ਕੇ ਫਿਰ ਉਸੇ ਮਿਲਗੋਭੇ ਵਿਚ ਫਸਦੀ ਜਾ ਰਹੀ ਹੈ।"

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪ੍ਰੋਫ਼ੈਸਰ ਸਾਹਿਬ ਸਿੰਘ ਜੀ, ਪ੍ਰਿੰਸੀਪਲ ਸਤਬੀਰ ਸਿੰਘ ਜੀ, ਸਰਦਾਰ ਖ਼ੁਸ਼ਵੰਤ ਸਿੰਘ ਜੀ, ਪ੍ਰਿੰਸੀਪਲ ਗੁਰਬਚਨ ਸਿੰਘ ਜੀ ਤਾਲਬ, ਡਾਕਟਰ ਹਰੀ ਰਾਮ ਗੁਪਤਾ ਤੇ ਪ੍ਰੋ. ਬਿੰਦੂ ਭੂਸ਼ਨ ਬੈਨਰ ਜੀ ਵਰਗੇ ਵਿਦਵਾਨ ਇਤਿਹਾਸਕ ਖੋਜੀਆਂ ਨੇ ਕਈ ਪੁਰਾਣੇ ਭੁਲੇਖੇ ਦੂਰ ਕੀਤੇ ਹਨ, ਪਰ ਅਜੇ ਵੀ ਕਈ ਨੀਮ-ਮੁਲਾਂ ਕਿਸੇ ਦਲੀਲ ਨੂੰ ਨਾ ਮੰਨਦੇ ਹੋਏ, ਗੁਰੂ ਸਾਹਿਬਾਨ ਦੀ ਕਰਾਮਾਤ ਸ਼ਕਤੀਆਂ ਦਾ ਆਸਰਾ ਲੈਂਦੇ ਹੋਏ ਸਿਰ ਅੜਾਈ ਹੀ ਜਾਂਦੇ ਹਨ। ਇਤਿਹਾਸ-ਕਾਰ ਉਨ੍ਹਾਂ ਗੱਲਾਂ ਨੂੰ ਨਹੀਂ ਮੰਨਦੇ ਜਿਹੜੀਆਂ ਅਣਹੋਣੀਆਂ ਹੋਣ ਤੇ ਦਲੀਲ ਦੀ ਕਸਵੱਟੀ ਤੇ ਪੂਰੀਆਂ ਨਾ ਉਤਰਨ।

ਮੈਂ ਪਿਛਲੇ ਤੋਂ ਪਿਛਲੇਰੇ ਸਾਲ ਗੋਇੰਦਵਾਲ ਸਾਹਿਬ ਭਾਦਰੋਂ ਦੀ ਪੂੰਨਿਆ ਦਾ ਮੇਲਾ ਦੇਖਣ ਗਿਆ। ਤੇ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਸਟੇਜ-ਪ੍ਰਬੰਧਕਾਂ ਦੇ ਬਾਰ ਬਾਰ ਕਹਿਣ ਤੇ ਵੀ ਕਿਸੇ ਕਵੀਸ਼ਰ, ਢਾਡੀ ਜਾਂ ਰਾਗੀ ਸਿੰਘ ਨੇ ਗੋਇੰਦਵਾਲ ਸਾਹਿਬ ਦਾ ਇਤਿਹਾਸ ਨਾ ਸੁਣਾਇਆ। ਏਸ ਊਣਤਾਈ ਨੂੰ ਦੂਰ ਕਰਨ ਦਾ ਇਹ ਛੋਟਾ ਜਿਹਾ ਜਤਨ ਹੈ।



www.AKJ.Org

ਗੋਇੰਦਵਾਲ ਸਾਹਿਬ ਦਾ ਇਤਿਹਾਸ-

''ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰ ਬਿਪਾਸ ਬਨਾਯਉ॥ ਗਯਉ ਦੁਖ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖ ਪਾਯਉ॥''

(੬॥੧੦॥ ਪੰਨਾ ੧੪੦੦)

ਕਿਹਾ ਜਾਂਦਾ ਹੈ ਕਿ ਇਕ ਦਿਨ ਗੁਰੂ ਅਮਰਦਾਸ ਜੀ ਸਮਾਧੀ ਵਿਚ ਗੁਰੂ ਨਾਨਕ ਦੇਵ ਜੀ ਧਿਆਨ ਵਿਚ ਜੁੜ ਗਏ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਤੇ ਉਨ੍ਹਾਂ ਕਿਹਾ, ''ਇਕ ਇਹੋ ਜਿਹਾ ਤੀਰਥ ਬਣਾਉ ਜਿਥੇ ਕੇਵਲ ਪ੍ਰਮਾਤਮਾ ਦੀ ਪੂਜਾਂ ਹੋਵੇ।'' ਇਸ ਹੁਕਮ ਦੀ ਪਾਲਣਾ ਕਰਦੇ ਹੋਏ ਗੁਰੂ ਅਮਰਦਾਸ ਜੀ ਨੇ ਗੋਂਦੇ ਮਰਵਾਹੇ ਖਤਰੀ ਪਾਸੋਂ ਕੁਝ ਭੋਇੰ ਖ਼ਰੀਦ ਲਈ ਤੇ ਤੀਰਥ-ਅਸਥਾਨ ਦਾ ਕੰਮ ਕਰ ਦਿਤਾ।

ਸੰਨ ੧੫੪੬ ਵਿਚ ਇਕ ਮਰਵਾਹੇ ਖਤਰੀ ਗੋਂਦੇ ਦੀ ਬਿਆਸ ਨਦੀ ਦੇ ਕੰਢੇ ਬਹੁਤ ਸਾਰੀ ਭੋਇੰ ਸੀ। ਉਹ ਉਥੇ ਇਕ ਵਸਤੀ ਵਸਾ ਰਿਹਾ ਸੀ ਪ੍ਰੰਤੂ ਉਸ ਵਿਚ ਬਹੁਤ ਵਿਘਨ ਪੈਂਦੇ ਹਨ। ਉਸ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਆ ਕੇ ਬੇਨਤੀ ਕੀਤੀ, 'ਕਿਰਪਾ ਕਰ ਕੇ ਤੁਸੀਂ ਉਥੇ ਚਲ ਵਸੋ ਤਾਂ ਜੁ ਮੇਰਾ ਨਗਰ ਵਸ ਪਵੇ।'' ਗੁਰੂ ਜੀ ਆਪ ਤਾਂ ਨਾ ਗਏ, ਪਰ ਅਮਰਦਾਸ ਜੀ ਨੂੰ ਭੇਜਿਆ ਤੇ ਕਿਹਾ,''ਪੁਰਖਾ ! ਜਾਉ ਉਸ ਧਰਤੀ ਨੂੰ ਸੁਭਾਗ ਕਰੋ। ਪੂਰਬਲੇ ਪਾਸੇ ਆਪਣਾ ਟਿਕਾਣਾ ਬਣਾ ਲਉ ਤੇ ਉਥੇ ਹੀ ਵਸੋ।'' ਅਮਰਦਾਸ ਜੀ ਹੁਕਮ ਪਾ ਕੇ ਉਥੇ ਗਏ ਅਤੇ ਅਰਦਾਸ ਕਰ ਕੇ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿਤਾ। ਬਜ਼ਾਰ, ਦੁਕਾਨਾ ਤੇ ਘਰ ਬਣ ਗਏ, ਤੇ ਪਿੰਡ ਦੇ ਪੂਰਬ ਵਲ ਇਕ ਚੁਬਾਰੇ ਵਿਚ ਆਪਣਾ ਡੇਰਾ ਲਾ ਲਿਆ। ਥੋੜੇ ਚਿਰ ਪਿਛੋਂ ਆਪਣੇ ਸਾਰੇ ਪਰਵਾਰ-ਕਬੀਲੇ ਨੂੰ ਬਾਸਰਕੇ ਤੋਂ ਲਿਆ ਕੇ ਗੋਇੰਦਵਾਲ ਵਸਾ ਲਿਆ। ਇਸ ਵਿਚ ਉਨ੍ਹਾਂ ਦੇ ਭਤੀਜੇ ਸਾਵਣ ਮਲ ਜੀ ਵੀ ਆਏ ਤੇ ਰਾਮਦਾਸ ਜੀ (ਜੇਠਾ ਜੀ) ਵੀ ਆਪਣੀ ਨਾਨੀ ਸਮੇਤ ਏਥੇ ਆ ਟਿਕੇ। ਸਾਵਣ ਮਲ ਨੂੰ ਗੁਰੂ ਜੀ ਨੇ ਪਹਾੜਾਂ ਵਿਚੋਂ ਹਰੀਪੁਰ ਰਿਆਸਤ ਦੇ ਰਾਜੇ ਪਾਸੋਂ ਮਕਾਨਾਂ ਲਈ ਲਕੜੀ ਲਿਆਉਣ ਲਈ ਭੇਜਿਆ। ਲਕੜੀ ਆ ਗਈ ਤੇ ਇਮਾਰਤਾਂ ਦਾ ਕੰਮ ਬੜੀ ਤੇਜ਼ੀ ਨਾਲ ਸ਼ੁਰੂ ਹੋ ਗਿਆ, ਤੇ ਨਗਰ ਵਸ ਪਿਆ। ਭਾਈ ਗੁਰਦਾਸ ਜੀ ਦੇ ਪਿਤਾ ਈਸ਼ਰਦਾਸ ਜੀ ਵੀ ਏਥੇ ਆ ਟਿਕੇ। ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੇ ਹਾਣੀ ਸਨ ਤੇ ਗੁਰੂ ਅਮਰਦਾਸ ਜੀ ਦੇ ਭਤੀਜੇ।

ਨਗਰ ਵਿਚ ਵਸਦੇ ਸ਼ੇਖਾਂ ਦੀ ਵਧੀਕੀ-

ਗੋਇੰਦਵਾਲ ਦੀ ਵਸੋਂ ਵਧਦੀ ਗਈ। ਇਕ ਟੱਬਰ ਸ਼ੇਖਾਂ ਦਾ ਵੀ ਆ ਵਸਿਆ। ਰਾਜ ਮੁਸਲਮਾਨੀ ਹੋਣ ਦਾ ਅਭਿਮਾਨ ਸਿਰ ਵਿਚ ਸਮਾਇਆ ਹੋਇਆ ਸੀ। ਏਹ ਕਦੇ ਕਦੇ ਸਿਖਾਂ ਨੂੰ ਤੰਗ ਕਰਦੇ ਰਹਿੰਦੇ ਸਨ। ਪਰ ਗੁਰੂ-ਦਰਬਾਰ ਵਲੋਂ ਸਦਾ ਸਹਿਨ-ਸ਼ੀਲਤਾ ਹੀ ਹੁੰਦੀ ਸੀ। ਕਈ ਵਾਰ ਏਨ੍ਹਾਂ ਦੇ ਲੜਕੇ ਖੂਹ ਤੋਂ ਪਾਣੀ ਭਰਨ ਗਏ ਸਿਖਾਂ ਦੇ ਘੜਿਆਂ ਨੂੰ ਗੁਲੇਲਾਂ ਮਾਰ ਕੇ ਤੋੜ ਦਿੰਦੇ। ਸਿਖਾਂ ਨੇ ਲੋਹੇ ਅਤੇ ਪਿਤਲ ਦੀਆਂ ਗਾਗਰਾਂ ਬਣਵਾ ਲਈਆਂ, ਪਰ ਸ਼ੈਤਾਨ ਮੁੰਡੇ ਵਟੇ ਮਾਰ ਕੇ ਚਿਬ ਪਾ ਦੇਂਦੇ। ਗੁਰੂ ਜੀ ਨੇ ਸਿਖਾਂ ਨੂੰ ਉਪਦੇਸ਼ ਦਿਤਾ ਕਿ ਕਰਤਾਰ ਤੇ ਭਰੋਸਾ ਰਖੋ ਤੇ ਇਨ੍ਹਾਂ ਤੋਂ ਬਦਲਾ ਨਾ ਲਉ।

ਸਬੱਬ ਨਾਲ ਉਸੇ ਸਮੇਂ ਅੰਦਰ ਇਕ ਦਿਨ ਤਕੜੇ ਲਠ-ਬਾਜ਼ ਅਤੇ ਤੀਰ-ਅੰਦਾਜ਼ ਜੋਧੇ ਸਨਿਆਸੀਆਂ ਦਾ ਇਕ ਟੋਲਾ ਦਰਿਆਉਂ ਉਰਾਰ ਗੋਇੰਦਵਾਲ ਆ ਉਤਰਿਆ। ਖੂਹ ਤੇ ਸੰਨਿਆਸੀ ਨਹਾ ਧੋ ਰਹੇ ਸਨ, ਕੁਝ ਸਿਖ ਵੀ ਪਾਣੀ ਲੈਣ ਆ ਗਏ। ਸ਼ੇਖਾਂ ਦੇ ਮੁੰਡਿਆਂ ਨੇ ਗੁਲੇਲਾਂ ਮਾਰੀਆਂ ਤਾਂ ਇਕ ਗੁਲੇਲ ਸੰਨਿਆਸੀਆਂ ਦੇ ਗੁਰੂ ਦੀ ਅੱਖ ਤੇ ਵੱਜੀ। ਅੱਖ ਫਿਸ ਗਈ, ਮੁੰਡਾ ਫੜਿਆ ਗਿਆ ਤੇ ਉਸ ਨੂੰ ਸੰਨਿਆਸੀਆਂ ਜਾਨੋਂ ਹੀ ਮਾਰ ਦਿਤਾ। ਦੁਵੱਲੀ ਲੜਾਈ ਹੋਈ ਤੇ ਕਈ ਮਾਰੇ ਗਏ। ਕਾਲੀ ਬੋਲੀ ਹਨੇਰੀ ਝੁਲਣ ਤੇ ਸ਼ੇਖ ਆਪਣੀ ਘਰੀਂ ਤੇ ਸੰਨਿਆਸੀ ਭਜ ਕੇ ਆਪਣੇ ਡੇਰੇ ਜਾ ਵੜੇ।

ਉਸੇ ਦਿਨ ਹੀ ਅਚਾਨਕ ਲਾਹੋਰੋਂ ਇਕ ਫ਼ੌਜੀ ਦਸਤਾ ਆ ਗਿਆ, ਜੋ ਖਚਰਾਂ ਤੇ ਲੱਦਿਆ ਸ਼ਾਹੀ ਖ਼ਜਾਨਾ ਦਿਲੀ ਨੂੰ ਲਿਜਾ ਰਿਹਾ ਸੀ। ਕਾਲੀ ਹਨੇਰੀ ਵਿਚ ਇਕ ਖੱਚਰ ਗੁੰਮ ਹੋ ਗਈ ਤੇ ਉਹ ਸ਼ੇਖਾਂ ਦੇ ਘਰੋਂ ਫੜੀ ਗਈ। ਸ਼ੇਖਾਂ ਉਤੇ ਸੰਨਿਆਸੀਆਂ ਨੂੰ ਮਾਰਨ ਤੇ ਸ਼ਾਹੀ ਖ਼ਜਾਨਾ ਚੁਰਾਉਣ ਦਾ ਦੋਸ਼


www.AKJ.org

ਲਗਾ ਕੇ ਉਨ੍ਹਾਂ ਦੇ ਘਰ ਬਾਰ ਜ਼ਬਤ ਕੀਤੇ ਗਏ । ਕੁਛ ਕੁ ਨੂੰ ਮੌਤ ਦੀ ਸਜ਼ਾ ਵੀ ਮਿਲੀ। ਸ਼ੇਖ ਏਥੋਂ ਉਜੜ ਕੇ ਕੁਝ ਜਲਾਲਾਬਾਦ ਤੇ ਕੁਝ ਵੈਰੋਵਾਲ ਜਾ ਵਸੇ।

**ਬੀਰਬਲ ਦਾ ਗੋਇੰਦਵਾਲ ਆਉਣਾ-**

ਫ਼ਰਵਰੀ ਸੰਨ ੧੫੮੬ ਵਿਚ ਅਕਬਰ ਦਾ ਇਕ ਵਜ਼ੀਰ ਬੀਰਬਲ ਸਰਹੱਦ ਤੇ ਪਠਾਣਾਂ ਨਾਲ ਲੜਨ ਲਈ ਪਿਸ਼ਾਵਰ ਫ਼ੌਜ ਸਮੇਤ ਜਾ ਰਿਹਾ ਸੀ। ਬਿਆਸ ਲੰਘ ਕੇ ਗੋਇੰਦਵਾਲ ਪੜ੍ਹਾ ਕੀਤਾ। ਗੁਰੂ ਜੀ ਦੇ ਹੁਕਮ ਨਾਲ ਫ਼ੌਜ ਨੂੰ ਗੁਰੂ ਕੇ ਲੰਗਰ ਵਿਚ ਪ੍ਰਸ਼ਾਦ ਛਕਾਇਆ ਗਿਆ। ਪਰ ਬੀਰਬਲ ਨੇ ਸਾਰੇ ਖਤਰੀਆਂ ਤੇ ਬ੍ਰਾਹਮਣਾਂ ਤੋਂ ਛੁਟ ਬਾਕੀ ਸਾਰੇ ਹਿੰਦੂਆਂ ਪਾਸੋਂ ਫ਼ੌਜ ਦਾ ਖਰਚ ਮੰਗਿਆਂ, ਜਿਸ ਨੂੰ "ਜਜ਼ੀਆ" ਕਿਹਾ ਜਾਂਦਾ ਸੀ। ਗੁਰੂ ਸਾਹਿਬ ਨੇ ਇਹ ਵਿਤਕਰੇ ਵਾਲਾ 'ਕਰ' ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ। ਬੀਰਬਲ ਨੇ ਗੁੱਸੇ ਵਿਚ ਆ ਕੇ ਗੁਰੂ ਜੀ ਤੇ ਸਿਖਾਂ ਉਤੇ ਸਖ਼ਤੀ ਵਰਤਣ ਦੀ ਧਮਕੀ ਦਿਤੀ। ਉਸੇ ਦਿਨ ਹੀ ਅਕਬਰ ਦਾ ਖ਼ਾਸ ਹੁਕਮ ਆ ਗਿਆ ਕਿ ਰਾਤ ਦਿਨ ਇਕ ਕਰ ਕੇ ਛੇਤੀ ਤੋਂ ਛੇਤੀ ਪਿਸ਼ਾਵਰ ਪਹੁੰਚਿਆ ਜਾਵੇ। ਬੀਰਬਲ ਸਰਹੱਦ ਤੇ ਪਹੁੰਚਦਿਆਂ ਹੀ ਪਹਿਲੇ ਹੱਲੇ ਵਿਚ ਮਾਰਿਆ ਗਿਆ।

**ਬਾਵਲੀ ਸਾਹਿਬ-**

ਸ਼ਾਹੀ ਸੜਕ ਦਾ ਪੱਤਣ ਹੋਣ ਕਰਕੇ ਲੋਕਾਂ ਤੇ ਮੁਸਾਫ਼ਰਾਂ ਦਾ ਲਾਂਘਾ ਬਹੁਤ ਸੀ। ਉਸ ਵੇਲੇ ਨਾ ਹੀ ਅਜੇ ਅੰਮ੍ਰਿਤਸਰ ਵਸਿਆ ਸੀ ਅਤੇ ਨਾ ਹੀ ਤਰਨ ਤਾਰਨ। ਲਾਹੌਰ ਤੋਂ ਦਿਲੀ ਤੇ ਆਗਰੇ ਨੂੰ ਸ਼ਾਹੀ ਸੜਕ ਦਾ ਪੱਤਣ ਇਹੋ ਹੀ ਸੀ। ਤੇ ਏਥੋਂ ਅਗੇ ਸੁਲਤਾਨਪੁਰ ਤੇ ਅਗੇ ਦਰਿਆ ਸਤਲੁਜ ਦੇ ਕੰਢੇ 'ਤੇ ਤਲਵਨ ਦਾ ਪੱਤਣ ਸੀ। ਗੁਰੂ ਕਾ ਲੰਗਰ ਸਭ ਲਈ ਖੁਲ੍ਹਾ ਸੀ । ਸੰਗਤਾਂ ਦੀ ਵੀ ਰੌਣਕ ਰਹਿੰਦੀ ਤੇ ਮੁਸਾਫਰਾਂ ਦਾ ਭੀੜ-ਭੜੱਕਾ ਵੀ ਬਹੁਤ ਸੀ। ਮਕਾਨਾਂ ਦੀ ਥੁੜ ਸੀ ਅਤੇ ਖੂਹ ਹੋਣ ਕਰਕੇ ਪਾਣੀ ਦੀ ਵੀ ਥੁੜ ਹੋ ਜਾਂਦੀ ਸੀ। ਥਾਂ ਮੁੱਲ ਲੀਤੀ ਗਈ ਤੇ ਬਾਬੇ ਬੁਢੇ ਜੀ ਦੇ ਹਥੋਂ ਟਕ ਲੁਆ ਕੇ ਬਾਉਲੀ ਸਾਹਿਬ ਦੀ ਕਾਰ ਸੇਵਾ ਅਰੰਭੀ ਗਈ। ਸੰਮਤ ੧੬੧੬ ਬਿਕ੍ਰਮੀ ਦੀ ਕਤਕ ਦੀ ਪੁੰਨਿਆ ਨੂੰ ਇਹ ਕਾਰਜ ਅਰੰਭ ਹੋਇਆ। ਗੁਰੂ ਰਾਮਦਾਸ ਜੀ ਨੇ ਟੋਕਰੀ ਚੁਕ ਕੇ ਇਸ ਸੇਵਾ ਵਿਚ ਹਿੱਸੇ ਪਾਇਆ।

ਬਾਵਲੀ ਪੁਟਦਿਆਂ ਅਖ਼ੀਰ ਤੇ ਇਕ ਰੋੜਾਂ ਦਾ ਕੜ ਆ ਗਿਆ, ਜੋ ਟੁਟਦਾ ਨਹੀਂ ਸੀ। ਗੁਰੂ ਜੀ ਦੇ ਹੁਕਮ ਅਨੁਸਾਰ ਮਾਣਕ ਚੰਦ (ਪਥਰੀਆ ਗੋਤ ਦਾ ਖਤਰੀ) ਵਡਾ ਵਦਾਨ ਲੈ ਕੇ ਬਾਉਲੀ ਵਿਚ ਜਾ ਵੜਿਆ, ਤੇ ਵਦਾਨ ਦੀਆਂ ਸੱਟਾਂ ਨਾਲ ਕੜ ਤੋੜ ਦਿਤਾ। ਪਾਣੀ ਨੇ ਬਹੁਤ ਜ਼ੋਰ ਨਾਲ ਉਛਾਲਾ ਮਾਰਿਆ ਤੇ ਮਾਣਕ ਚੰਦ ਉਸ ਵਿਚ ਡੁਬ ਗਿਆ। ਉਸ ਦਾ ਸਰੀਰ ਜਲ ਤੋਂ ਬਾਹਰ ਲਿਆਂਦਾ ਗਿਆ। ਗੁਰੂ ਅਮਰਦਾਸ ਜੀ ਨੇ ਪੇਟ ਵਿਚੋਂ ਪਾਣੀ ਕਢਾ ਕੇ ਜੀਵਨ ਬਖ਼ਸ਼ਿਆ ਤੇ ਨਾਉਂ ਜੀਵੜਾ ਰਖਿਆ। ਮਾਣਕ ਚੰਦ ਦੀ ਉਲਾਦ ਦੇ ਜੀਅ ਵੈਰੋਵਾਲ ਰਹਿੰਦੇ ਹਨ ਤੇ 'ਜੀਉੜ' ਬਾਵੇ ਕਹਿਲਾਉਂਦੇ ਹਨ।

ਬਾਵਾ ਬਰਕਤ ਸਿੰਘ ਜੀ, ਰੀਟਾਇਰਡ ਇਨਸਪੈਕਟਰ ਆਫ਼ ਸਕੂਲਜ਼, ਜਿਹੜੇ ਸਵਰਗਵਾਸ ਹੋਣ ਤਕ ਕਈ ਸਾਲ ਗੁਰਦਵਾਰਾ ਪ੍ਰਬੰਧਕ ਕਮੇਟੀ ਗੋਇੰਦਵਾਲ ਸਾਹਿਬ ਦੇ ਪ੍ਰਧਾਨ ਰਹੇ ਤੇ ਰਹਿਣੀ ਦੇ ਪੂਰਨ ਗੁਰਸਿਖ, ਨਾਮ ਦੇ ਰਸੀਏ ਅਤੇ ਬੜੇ ਭਜਨੀਕ ਸਨ, ਏਸੇ ਹੀ ਬੰਸ ਵਿਚੋਂ ਸਨ।

**ਗੋਂਦੇ ਮਰਵਾਹੇ ਦੇ ਪੁੱਤਰਾਂ ਵਲੋਂ ਮੁਕੱਦਮਾ-**

ਗੁਰੂ ਜੀ ਨਾਲ ਈਰਖਾ ਕਰਨ ਵਾਲੇ ਕੁਝ ਲੋਕਾਂ ਨੇ ਗੋਂਦੇ ਮਰਵਾਹੇ ਦੇ ਪੁੱਤਰ ਨੂੰ ਭੜਕਾ ਕੇ ਉਸ ਕੋਲੋਂ ਅਰਜ਼ੀ ਪੁਆ ਦਿਤੀ ਕਿ- ਮੇਰੇ ਬਾਪ ਨੇ ਆਪਣੇ ਪਿੰਡ ਵਿਚ ਇਕ ਸਾਧੂ ਵਸਾਇਆ ਸੀ। ਉਹ ਸਾਡੀ ਭੋਇੰ ਦਬਾਈ ਜਾਂਦਾ ਹੈ, ਅਤੇ ਸਾਡੀ ਜ਼ਮੀਨ 'ਤੇ ਕਬਜ਼ਾ ਕਰ ਕੇ ਮੱਲੋ ਮੱਲੀ ਬਾਉਲੀ ਬਣਵਾ ਰਿਹਾ ਹੈ।

ਲਾਹੌਰ ਦਾ ਹਾਕਮ ਜਾਫ਼ਰ ਬੇਗ ਮੌਕੇ ਤੇ ਆਇਆ। ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਇਕੱਠੇ ਕੀਤੇ ਗਏ। ਉਨ੍ਹਾਂ ਬਿਆਨ ਦਿਤੇ, "ਗੁਰੂ ਜੀ ਰਬ ਦੇ ਪਿਆਰੇ ਤੇ ਬੇਗ਼ਰਜ਼ ਹਨ। ਹਰਿ ਜਾਤਿ, ਹਰਿ ਮਤ ਅਤੇ ਹਰ ਪ੍ਰਾਣੀ ਲਈ ਲੰਗਰ ਚਲਦਾ ਹੈ। ਰਾਤ ਦਿਨ ਕਥਾ ਕੀਰਤਨ ਅਤੇ ਨਾਮ ਅਭਿਆਸ ਜਾਰੀ ਰਹਿੰਦਾ ਹੈ। ਏਹ ਕਿਸੇ ਮਾਲ ਅਤੇ ਜ਼ਮੀਨ 'ਤੇ ਦਾਅਵਾ ਨਹੀਂ ਕਰਦੇ। ਹਰੀਪੁਰ ਦੇ ਰਾਜੇ ਦੀਆਂ ਘਲੀਆਂ ਗੇਲੀਆਂ ਤੇ ਸ਼ਤੀਰੀਆਂ ਆਪਣੇ ਅਤੇ ਬਿਗਾਨਿਆਂ ਨੂੰ ਮੁਫ਼ਤ ਵੰਡ ਛਡੀਆਂ ਹਨ। ਜਿਸ


www.AKJ.Org

ਮਕਾਨ ਵਿਚ ਇਹ ਵਸਦੇ ਹਨ ਉਹ ਗੋਂਦੇ ਨੇ ਆਪ ਉਸਾਰ ਕੇ ਇਨ੍ਹਾਂ ਨੂੰ ਦਿਤਾ ਸੀ। ਆਪ ਦੇ ਭਾਈ-ਬੰਦਾਂ ਨੇ ਮਾਲਕਾਂ ਨੂੰ ਜ਼ਮੀਨ ਦੇ ਪੈਸੇ ਦੇ ਕੇ ਮਕਾਨ ਪਾਏ ਹਨ। ਜਿਸ ਥਾਂ ਬਾਉਲੀ ਬਣ ਰਹੀ ਹੈ, ਇਹ ਥਾਂ ਗੁਰੂ ਕੇ ਸਿਖਾਂ ਨੇ ਗੋਂਦੇ ਦੇ ਪੁੱਤਰਾਂ ਨੂੰ ਮਾਇਆ ਦੇ ਕੇ ਖ਼ਰੀਦੀ ਹੈ।"

ਏਸ ਤਰ੍ਹਾਂ ਮੌਕੇ ਤੇ ਤੀਜੇ ਤਿਹਾਕਾਂ ਕੋਲੋਂ ਹਾਲਾਤ ਨੂੰ ਪੂਰੀ ਤਸੱਲੀ ਹੋ ਗਈ ਕਿ ਇਹ ਦਾਅਵਾ ਝੂਠਾ ਹੈ। ਸੋ ਉਸ ਨੇ ਮਰਵਾਹੇ ਦੇ ਵਿਰੁਧ ਫੈਸਲਾ ਦਿਤਾ। ਵਿਰੋਧੀਆਂ ਨੇ ਮਰਵਾਹੇ ਨੂੰ ਚੁਕ ਚੁਕਾ ਕੇ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਫ਼ਰਿਆਦ ਕਰਨ ਲਈ ਭੇਜ ਦਿਤਾ। ਇਹ ਇਕ ਨੌਕਰ ਨੂੰ ਨਾਲ ਲੈ ਕੇ ਆਗਰੇ ਪੁਜਾ। ਨੌਕਰ ਦਾ ਮੂੰਹ ਕਾਲਾ ਕਰ ਲਿਆ, ਉਸ ਨੂੰ ਨੀਲੀ ਕਾਲੀ ਤੇ ਜੂਆਂ ਨਾਲ ਭਰੀ ਕੱਬਾ (ਲੰਮਾ ਚੋਗਾ) ਪਹਿਨਾਈ ਤੇ ਪਾਤਸ਼ਾਹ ਦੀ ਦਰਗਾਹ ਵਿਚ ਪਹੁੰਚੇ। ਬਾਦਸ਼ਾਹ ਨੂੰ ਦਸਿਆ ਗਿਆ ਕਿ ਇਹ ਮਕੱਦਮਾ ਜਾਫ਼ਰ ਬੇਗ ਦੀ ਕਚਹਿਰੀ ਹੋ ਚੁਕਾ ਹੈ ਤੇ ਮਰਵਾਹਾ ਝੂਠਾ ਹੈ। ਮਰਵਾਹੇ ਤੇ ਉਸ ਦੇ ਨੌਕਰ ਨੂੰ ਧਕੇ ਮਾਰ ਕੇ ਦਰਬਾਰ ਵਿਚੋਂ ਕਢ ਦਿਤਾ ਗਿਆ।

ਮੁਗਲਾਂ ਵੇਲੇ ਜਦ ਕੋਈ ਪੁਰਸ਼ ਸ਼ਿਕਾਇਤ ਲੈ ਕੇ ਪਾਤਸ਼ਾਹ ਪਾਸ ਜਾਂਦਾ ਸੀ ਤਾਂ ਉਸਦੇ ਗਲ ਵਿਚ ਇਕ ਖਾਸ ਕਿਸਮ ਦਾ ਕਾਲਾ ਜੁਲਾ ਪਾਇਆ ਜਾਂਦਾ ਸੀ, ਜਿਸ ਤੋਂ ਪਾਤਸ਼ਾਹ ਉਸਦੇ ਆਵਣ ਦਾ ਭਾਵ ਸਮਝ ਲੈਂਦਾ ਸੀ। ਇਹ ਜੁਲਾ ਬਹੁਤਿਆਂ ਦੇ ਵਰਤਣ ਕਰਕੇ ਅਕਸਰ ਮੈਲਾ ਅਤੇ ਜੂੰਆਂ ਨਾਲ ਭਰਿਆਂ ਹੁੰਦਾ ਸੀ। ਗੁਰੂ ਰਾਮਦਾਸ ਜੀ ਨੇ ਏਸ ਦਾ ਵਰਨਣ ਪਉੜੀ ਕੀ ਵਾਰ ਪੰਨਾ ੩੦੬ ਤੇ ਹੇਠ ਲਿਖੇ ਸ਼ਬਦ ਵਿਚ ਕੀਤਾ ਹੈ-

ਸਲੋਕ ਮਹਲਾ ੪

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥ ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥ ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਆ ਵੇਮੁਖਾ ਦਾ ਕਰਾਇਆ॥ ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥ ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ॥ ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥

## ਗੁਰੂ ਅਮਰਦਾਸ ਜੀ ਦਾ ਸੰਖੇਪ ਜੀਵਨ-ਬ੍ਰਿਤਾਂਤ

ਜਨਮ- ਬਾਸਰਕੇ ਗਿਲਾਂ, ਛੇਹਰਟੇ ਲਾਗੇ ਜ਼ਿਲਾ ਅੰਮ੍ਰਿਤਸਰ ਵੈਸਾਖ ਸੁਦੀ ੧੪ ਸੰਮਤ ੧੫੩੬ ਜੇਠ ਦੀ ੧੦, ਮੁਤਾਬਕ ੫ ਮਈ ਸੰਨ ੧੪੭੯ (ਮਹਾਨਕੋਸ਼)। ਗੁਰੂ ਨਾਨਕ ਦੇਵ ਜੀ ਤੋਂ ੧੦ ਸਾਲ ਪਿਛੋਂ।

ਪਿਤਾ- ਤੇਜ ਭਾਨ ਜੀ(ਤੇਜੋ), ਮਾਤਾ-ਸੁਲਖਣੀ ਜੀ (ਲਛਮੀ)। ਵਿਵਾਹ-੧੧ ਮਾਘ ਸੰਮਤ ੧੫੫੯ ਨੂੰ ਮਨਸਾ ਦੇਵੀ ਜੀ ਨਾਲ। ਇਨ੍ਹਾਂ ਦਾ ਪੇਕਾ ਨਾਮ ਰਾਮੋ ਜੀ ਸੀ। ਇਹ ਦੇਵੀ ਚੰਦ ਬਹਿਲ ਖਤਰੀ ਦੀ ਸਪੁੱਤਰੀ ਸੀ। ਇਨ੍ਹਾਂ ਦਾ ਦੇਹਾਂਤ ਸੰਮਤ ੧੬੨੬ ਨੂੰ ਹੋਇਆ।

ਸੇਵਾ- ਸੰਮਤ ੧੫੯੭ ਵਿਚ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਉਨ੍ਹਾਂ ਦੇ ਸਿਖ ਹੋਏ, ਸੇਵਾ ਸੰਭਾਲੀ ਤੇ ੧੨ ਸਾਲ ਸੇਵਾ ਕੀਤੀ।

ਗੁਰ-ਗਦੀ- ੩ ਵੈਸਾਖ ਸੰਮਤ ੧੬੦੯ (੨੯ ਮਾਰਚ ੧੫੫੨) ਨੂੰ ਗੁਰ-ਗਦੀ ਮਿਲੀ।

ਜੋਤੀ ਜੋਤਿ- ੨੨ ਸਾਲ ੫ ਮਹੀਨੇ ੧੧ ਦਿਨ ਗੁਰ-ਗਦੀ 'ਤੇ ਬਿਰਾਜਮਾਨ ਰਹਿ ਕੇ, ਭਾਦੋਂ ਦੀ ਪੂਰਨਮਾਸ਼ੀ, ੨ ਅਸੂ ਸੰਮਤ ੧੬੩੧ ਮੁਤਾਬਕ ੧ ਸਤੰਬਰ ੧੫੭੪ ਨੂੰ ਜੋਤੀ ਜੋਤਿ ਸਮਾਏ।

ਸੰਤਾਨ- ਬਾਬਾ ਮੋਹਨ ਜੀ ਤੇ ਮੋਹਰੀ ਜੀ ਦੋ ਪੁੱਤਰ ਸਨ, ਤੇ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਦੋ ਸਪੁੱਤਰੀਆਂ।

ਮਹਾਨ ਕੰਮ- (੧) ਦੇਸ਼-ਦੇਸਾਂਤਰਾਂ ਵਿਚ ਪ੍ਰਚਾਰਕ ਭੇਜੇ। (੨) ਧਰਮਸ਼ਾਲਾਂ ਥਾਪੀਆਂ। (੩) ਇਕ ਪੰਗਤ ਵਿਚ ਭੋਜਨ ਛਕਣ ਦੀ ਰੀਤ ਪਰਚਲਤ ਕੀਤੀ, ਜਿਸ ਨਾਲ ਪ੍ਰਸਪਰ ਗਿਲਾਤੀ ਮਿਟੀ। (੪) ਅੰਮ੍ਰਿਤਸਰ ਬਣਾਉਣ ਦੀ ਥਾਂ, ਆਪ ਜੀ ਨੇ ਹੀ ਗੁਰੂ ਰਾਮਦਾਸ ਜੀ ਨੂੰ ਦਸ ਕੇ ਤਾਲ ਬਨਾਣ ਦੀ ਆਗਿਆ ਕੀਤੀ ਸੀ। (੫) ਰੋਗੀਆਂ ਦੇ ਰੋਗ ਦੂਰ ਕਰਨ ਦੇ ਯਤਨ ਕੀਤੇ (੬) ਸੰਮਤ ੧੬੧੬ ਵਿਚ ਬਾਉਲੀ ਰਚੀ। (੭) ਸਿਖਾਂ ਵਿਚ ਵੈਸਾਖੀ ਦਾ ਮੇਲਾ ਮਨਾਣ ਦੀ ਰਸਮ ਇਨ੍ਹਾਂ ਹੀ ਚਲਾਈ ਸੀ


www.AKJ.Org

# ਰੋਜ਼ਾਨਾ ਮਨੁੱਖੀ ਜੀਵਨ ਤੇ ਧਰਮ

(ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ)

ਇਕ ਵਾਰੀ ਤ੍ਰਿਲੋਚਨ ਆਪਣੇ ਮਿੱਤਰ ਭਗਤ ਨਾਮਦੇਵ ਜੀ ਨੂੰ ਮਿਲਣ ਆਇਆ। ਅਗੇ ਨਾਮਦੇਵ ਆਪਣਾ ਕੱਪੜੇ ਛਾਪਣ ਦਾ ਵਿਹਾਰ ਕਰ ਰਿਹਾ ਸੀ। ਤ੍ਰਿਲੋਚਨ ਆਪਣੇ ਮਿੱਤਰ ਨੂੰ ਦੁਨੀਆਂ ਦੇ ਕੰਮ ਵਿਚ ਰੁੱਝਾ ਸਮਝ ਕੇ ਹੈਰਾਨ ਹੋਇਆ। ਨਾਮਦੇਵ ਨੇ ਉਸ ਉਸ ਦੀ ਹੈਰਾਨੀ ਦਾ ਉਤਰ ਦਿਤਾ ਕਿ ਮਨੁੱਖ ਨੇ ਹੱਥਾਂ ਨਾਲ ਕਿਰਤ-ਕਾਰ ਕਰਨੀ ਹੈ ਤੇ ਮਨ ਨੂੰ ਪਰਮਾਤਮਾ ਦੀ ਯਾਦ ਵਿਚ ਜੋੜਨਾ ਹੈ। ਇਹਨਾਂ ਦੋਹਾਂ ਦੀ ਇਹ ਗੱਲ ਬਾਤ ਕਬੀਰ ਜੀ ਨੇ ਇਉਂ ਬਿਆਨ ਕੀਤੀ ਹੈ:-

ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ, ਰਾਮ ਨ ਲਾਵਹੁ ਚੀਤੁ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸਮ੍ਹਾਲਿ॥
ਹਾਥ ਪਾਉ, ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩

'ਦੀਨ' ਤੇ 'ਦੁਨੀਆ' ਨੂੰ ਇਕ ਥਾਂ ਇਕੱਠਾ ਕਰਨਾ, ਧਾਰਮਿਕ ਜ਼ਿੰਦਗੀ ਵਾਸਤੇ ਇਹ ਇਕ ਵੱਡੀ ਭਾਰੀ ਅਜ਼ਮਾਇਸ਼ ਹੈ। ਧਰਮ-ਅਸਥਾਨ ਵਿਚ ਧਰਮੀ ਬਣਨਾ ਰਤਾ ਸੌਖਾ ਹੈ, ਪਰ ਦੁਨੀਆ ਦੇ ਝੰਬੇਲਿਆਂ ਵਿਚ ਧਰਮੀ ਰਹਿਣਾ ਡਾਢਾ ਕਠਨ ਹੈ। ਕਿਸੇ ਮੰਦਰ, ਮਸਜਿਦ ਗਿਰਜੇ ਜਾਂ ਗੁਰਦੁਆਰੇ ਵਿਚ ਬੈਠਾ ਮਨੁੱਖ ਮਨ ਦੀ ਦੌੜ ਨੂੰ ਭਾਵੇਂ ਕੁਝ ਸਮੇਂ ਲਈ ਰੋਕ ਸਕੇ, ਪਰ ਹੋਰ ਝੰਬੇਲਿਆਂ ਵਿਚ ਆ ਕੇ ਇਹ ਕੰਮ ਬੜਾ ਮੁਸ਼ਕਿਲ ਹੈ; ਇਉਂ ਜਾਪਦਾ ਹੈ ਜਿਵੇਂ ਹਿਮਾਲੇ ਪਰਬਤ ਦੀ ਠੰਢੀ ਬਰਫ਼ਾਨੀ ਧਰਤੀ ਛੱਡ ਕੇ ਮਨੁੱਖ ਅਫ਼ਰੀਕਾ ਦੇ ਤਪਦੇ ਸਹਿਰਾਈ ਰੇਗਿਸਤਾਨ ਵਿਚ ਅਪੜ ਗਿਆ ਹੈ।

'ਦੀਨ' ਤੇ 'ਦੁਨੀਆਂ' ਨੂੰ ਇਕ ਥਾਂ ਇਕੱਠੇ ਨਾ ਰਖ ਸਕਣ ਦੀ ਇਹ ਔਕੜ ਇਤਨੀ ਜ਼ਬਰਦਸਤ ਹੈ ਕਿ ਸ਼ੁਰੂ ਤੋਂ ਮਨੁੱਖ ਇਸ ਦਾ ਟਾਕਰਾ ਕਰਨ ਲਈ ਢੰਗ ਵਰਤਦੇ ਆਏ ਹਨ। ਪੁਰਾਣੇ ਸਮਿਆਂ ਵਿਚ ਧਾਰਮਿਕ ਸੁਭਾਉ ਵਾਲੇ ਬੰਦੇ ਜਗਤ ਨੂੰ ਉਕਾ ਹੀ ਛੱਡ ਕੇ ਜੰਗਲ ਦੇ ਕਿਸੇ ਗੋਸ਼ੇ ਵਿਚ ਜਾ ਬੈਠਦੇ ਸਨ। ਧ੍ਰੂ ਭਗਤ ਨੇ ਜਦੋਂ ਮਤ੍ਰੇਈ ਮਾਂ ਦੇ ਹੱਥੋ ਆਪਣੀ ਨਿਰਾਦਰੀ ਹੁੰਦੀ ਵੇਖੀ ਤੇ ਉਸ ਨੂੰ ਪਤਾ ਲਗਾ ਕਿ ਇਸ ਦਾ ਉਪਾਉ 'ਬੰਦਗੀ' ਹੀ ਹੈ, ਤਾਂ ਉਹ ਰਾਜ-ਮਹਲ ਛਡ ਕੇ ਬਾਹਰ ਜੰਗਲਾਂ ਵਿਚ ਤਪ ਕਰਨ ਚਲਾ ਗਿਆ। ਇਸ ਬਾਰੇ ਇਉਂ ਗਵਾਹੀ ਮਿਲਦੀ ਹੈ:-

ਧ੍ਰੂ ਹੱਸਦਾ ਘਰ ਆਇਆ, ਕਰਿ ਪਿਆਰ ਪਿਉ ਕੁਛੜਿ ਲੀਤਾ॥ ਬਾਹਹੁ ਪਕੜਿ ਉਠਾਲਿਆ, ਮਨ ਵਿਚਿ ਰੋਸੁ ਮਤ੍ਰੇਈ ਕੀਤਾ॥ ਡਡਹੁਲਿੱਕਾ ਮਾਂ ਪੁਛੈ, ਤੂੰ ਸਾਵਾਣੀ ਹੈ, ਕਿ ਸਰੀਤਾ॥ ਸਾਵਾਣੀ ਹਾਂ ਜਨਮ ਦੀ, ਨਾਮੁ ਨ ਭਗਤੀ ਕਰਮੁ ਦ੍ਰਿੜੀਤਾ॥ ਕਿਸੁ ਉਦਮ ਤੇ ਰਾਜੁ ਮਿਲੈ, ਸਤ੍ਰੂ ਤੇ ਸਭ ਹੋਵਨਿ ਮੀਤਾ॥ ਪਰਮੇਸਰੁ ਆਰਾਧੀਐ, ਜਿਦੂੰ ਹੋਈਐ ਪਤਿਤ ਪੁਨੀਤਾ॥ ਬਾਹਰਿ ਚਲਿਆ ਕਰਣਿ ਤਪੁ, ਮਨ ਬੈਰਾਗੀ ਹੋਇ ਅਤੀਤਾ ॥੧॥ (੧੦)

ਐਸੇ ਤਿਆਗੀ ਕੋਈ ਇਕ ਦੋ ਚਾਰ ਨਹੀਂ ਅਨੇਕਾਂ ਹੀ ਹੋਏ ਹਨ, ਧਰਤੀ ਦਾ ਇਤਿਹਾਸ ਭਰਿਆ ਪਿਆ ਹੈ।

ਅਜ ਕਲ੍ਹ ਦੇ ਸਿਆਣਿਆਂ ਨੇ ਇਕ ਹੋਰ ਢੰਗ ਵਰਤਿਆ ਹੈ, ਉਹਨਾਂ ਨੇ 'ਦੀਨ' ਤੇ 'ਦੁਨੀਆਂ' ਨੂੰ ਐਸੇ ਦੋ ਸ਼ਾਹੂਕਾਰ ਮਿਥ ਲਿਆ ਹੈ, ਜਿਨ੍ਹਾਂ ਦਾ ਕਰਜ਼ਾ ਮਨੁੱਖ ਨੇਂ ਦੇਣਾ ਹੈ, ਇਕੱਠਾ ਕਰਜ਼ਾ ਤਾਂ ਦੇ ਨਹੀਂ ਸਕਦਾ, ਦੋਹਾਂ ਨਾਲ ਕਿਸ਼ਤਾਂ ਕਰ ਲੈਂਦਾ ਹੈ। ਉਹ ਸਮਝਦਾ ਹੈ ਕਿ ਸਾਰਾ ਦਿਨ ਰੱਬ ਨੂੰ ਚੇਤੇ ਰਖਣਾ ਉਹਨਾਂ ਬੰਦਿਆਂ ਦਾ ਕੰਮ ਹੈ ਜਿਨ੍ਹਾਂ ਨੂੰ ਹੋਰ ਕੰਮ ਨਹੀਂ। ਸੋ ਨਤੀਜਾ ਇਹ ਨਿਕਲਿਆ ਹੈ ਕਿ ਜਿਵੇਂ ਕਾਲਜ ਦੇ ਪ੍ਰੋਫ਼ੈਸਰ ਆਪਣਾ 'ਗਾਊਨ' ਸਿਰਫ਼ ਕਿਸੇ ਖ਼ਾਸ ਇਕੱਠ ਤੇ ਹੀ ਵਰਤਦੇ ਹਨ, ਅਗੇ ਪਿਛੇ ਉਹ ਟਰੰਕ ਵਿਚ ਹੀ ਪਿਆ ਰਹਿੰਦਾ ਹੈ, ਤਿਵੇਂ ਧਰਮ ਭੀ ਮੰਦਰ, ਮਸਜਿਦ ਤੇ ਗੁਰਦੁਆਰੇ ਲਈ ਰਹਿ ਗਿਆ ਹੈ। ਜਿਵੇਂ ਕੋਈ ਵਿਹਲਾ ਮਨੁੱਖ ਭੀੜ ਵਿਚੋਂ ਦੀ ਲੰਘੇ ਤਾਂ ਧੱਕੇ ਪੈਂਦਿਆਂ ਪੈਂਦਿਆਂ ਉਹ ਕਿਸੇ ਗੁੱਠੇ ਜਾ ਲਗਦਾ ਹੈ, ਤਿਵੇਂ ਵਿਹਾਰੀ ਲੋਕਾਂ ਨੇ ਧਰਮ ਨੂੰ ਵਿਹਲਿਆਂ ਦਾ ਕੰਮ ਜਾਣ ਕੇ ਧਰਮ-ਅਸਥਾਨ ਦੀ ਗੁੱਠ ਵਿਚ ਜਾ ਰਖਿਆ ਹੈ। 'ਧਰਮ' ਇਕ ਐਸੀ ਕੌੜੀ ਦਵਾਈ ਸਮਝੀ ਹੈ, ਜੋ ਕਦੇ ਕਦੇ ਪੀਣੀ ਚਾਹੀਦੀ ਹੈ, ਜਦੋਂ ਸਰੀਰ ਨੂੰ ਕੋਈ ਰੋਗ ਆ ਦਬਾਏ, ਆਤਮਾ ਦੀ ਰੋਜ਼ ਦੀ ਤੇ ਹਰ ਵੇਲੇ ਦੀ ਖ਼ੁਰਾਕ ਇਸ ਨੂੰ ਨਹੀਂ ਮੰਨਿਆ ਗਿਆ।


www.AKJ.Org

'ਦੀਨ' ਦਾ ਜੋ ਨਿਸ਼ਾਨਾ ਗੁਰੂ ਨਾਨਕ ਦੀ ਬਾਣੀ ਵਿਚ ਆਇਆ ਹੈ ਉਹ ਇਹਨਾਂ ਦੱਸੇ ਖ਼ਿਆਲਾਂ ਦੇ ਉਲਟ ਹੈ। ਗੁਰੂ ਆਖਦਾ ਹੈ ਕਿ ਰੋਜ਼ੀ ਦੀ ਖ਼ਾਤਰ "ਘਾਲ ਕਮਾਈ" ਦਾ ਤੇ 'ਭਗਤੀ' ਦਾ ਆਪੋ ਵਿਚ ਅਜੋੜ ਨਹੀਂ ਹੈ। 'ਧਰਮ' ਮਨੁੱਖ ਦੇ ਫ਼ਰਜ਼ਾਂ ਵਿਚੋਂ ਇਕ ਫ਼ਰਜ ਨਹੀਂ, ਸਗੋਂ ਇਹ ਇਕ ਐਸੀ ਸ਼ੈ ਹੈ ਜਿਸ ਦਾ ਹਰੇਕ ਇਨਸਾਨੀ ਫ਼ਰਜ ਨਾਲ ਸੰਬੰਧ ਹੈ। ਪਵਿੱਤਰਤਾ ਨਿਰੀ ਧਰਮ-ਅਸਥਾਨਾਂ ਵਾਸਤੇ ਨਹੀਂ ਹੈ, ਹਰੇਕ ਥਾਂ ਲਈ ਹੈ। ਅਸੀ 'ਦੁਨੀਆ' ਦੇ ਕਾਰ-ਵਿਹਾਰ ਕਰਦੇ ਹਾਂ, ਪਰ ਇਸ; ਕਾਰ-ਵਿਹਾਰ ਨਾਲ ਸਾਡੇ ਫੇਫੜਿਆਂ ਦੇ ਕੰਮ (ਸਾਹ ਲੈਣ) ਵਿਚ ਕੋਈ ਰੁਕਾਵਟ ਨਹੀਂ ਪੈਂਦੀ, ਖ਼ੂਨ ਭੀ ਸਰੀਰ ਵਿਚ ਗੇੜੇ ਲਾਈ ਜਾਂਦਾ ਹੈ। ਜਿਸਮ ਵੀ ਵਧਦਾ ਫੁਲਦਾ ਰਹਿੰਦਾ ਹੈ, ਭਾਵੇਂ ਵਿਹਲੇ ਬੈਠੇ ਹਾਂ, ਭਾਵੇਂ ਬੜੇ ਰੁੱਝੇ ਹੋਏ ਹਾਂ। ਜਿਸਮ ਦੀ ਪਰਵਰਿਸ਼ ਦਾ ਇਹ ਕੰਮ ਜਾਰੀ ਰਹਿੰਦਾ ਹੈ, ਏਸੇ ਤਰ੍ਹਾਂ 'ਰੂਹ' ਦੀ ਪਰਵਰਿਸ਼ ਦਾ ਇਹ ਕੰਮ ਦੁਨੀਆਂ ਦੇ ਕੰਮਾਂ ਦੇ ਨਾਲ ਨਾਲ ਜਾਰੀ ਰਹਿਣਾ ਚਾਹੀਦਾ ਹੈ। ਇਕ ਅੰਗਰੇਜ਼ ਕਵੀ ਲਿਖਦਾ ਹੈ:-

We need not bid, for cloister'd cell,
Our neighbour and our work farewell,
The trivial round, the common task,
May furnish all we ought to ask
Room to deny ourselves, a road
To bring us daily nearer God.

ਮਨੁੱਖ ਦੀ ਮੌਜੂਦਾ ਜ਼ਿੰਦਗੀ ਚੰਦ-ਰੋਜ਼ਾ ਹੈ। ਜੇ ਇਸ ਦੁਨਿਆਵੀ ਜ਼ਿੰਦਗੀ ਨੂੰ ਕੁਰਬਾਨ ਕਰਨ ਤੋਂ ਬਿਨਾਂ ਉਸ ਅਟੱਲ ਆਤਮਕ ਜੀਵਨ ਦੇ ਹਾਸਲ ਕਰਨ ਦਾ ਹੋਰ ਕੋਈ ਵਸੀਲਾ ਨਾ ਹੋਵੇ, ਤਾਂ ਇਸ ਨੂੰ ਕੁਰਬਾਨ ਕਰ ਦੇਣਾ ਹੀ ਸਿਆਣਪ ਹੈ, ਨਿਰੀ 'ਦੁਨੀਆਂ' ਦੀ ਖ਼ਾਤਰ ਪੱਟ ਪਹਿਨਣ ਨਾਲੋਂ ਲੀਰਾਂ ਪਾ ਲੈਣੀਆਂ ਚੰਗਾ ਹੈ। ਫ਼ਰੀਦ ਜੀ ਨੇ ਇਹੀ ਗੱਲ ਆਖੀ ਹੈ:-

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥ ੧੦੩

ਨਿਰਾ ਇਹੀ ਨਹੀਂ, ਜੇ 'ਦੁਨੀਆਂ' ਵਿਚ ਰਹਿ ਕੇ 'ਦੀਨ' ਨਾ ਮਿਲ ਸਕਦਾ ਹੋਵੇ; ਤਾਂ

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ॥੧੧੯॥

ਫਿਰ ਤਾਂ, ਦੁਨੀਆਂ ਵਿਚ ਹਰੇਕ ਕਿੱਤੇ ਦੇ ਮਨੁੱਖ ਦਾ ਫ਼ਰਜ ਹੋਵੇਗਾ ਕਿ ਉਹ ਸਭ ਕੁਝ ਛਡ ਕੇ ਰੱਬੀ ਯਾਦ ਵਾਸਤੇ ਜੰਗਲ ਵਿਚ ਜਾ ਬੈਠੇ।

ਪਰ, ਇਹ ਨਾ-ਮੁਮਕਿਨ ਹੈ ਕਿ ਸਾਰੇ ਬੰਦੇ ਕਿਰਤ-ਕਾਰ ਛਡ ਕੇ ਰੱਬੀ ਯਾਦ ਵਿਚ ਲਗ ਪੈਣ। ਇਤਨੀ ਕੁਰਬਾਨੀ ਅਸੰਭਵ ਹੈ- ਤੇ, ਇਹੀ ਗੱਲ ਇਕ ਪੱਕਾ ਸਬੂਤ ਹੈ ਕਿ ਇਸ ਕੁਰਬਾਨੀ ਦੀ ਲੋੜ ਨਹੀਂ ਹੈ, ਤਾਹੀਏਂ ਗੁਰੂ ਨਾਨਕ ਦੇਵ ਜੀ ਨੇ ਬਾਬਾ ਫ਼ਰੀਦ ਜੀ ਨੂੰ ਆਖਿਆ ਕਿ ਤੁਹਾਡਾ ਖ਼ਿਆਲ ਤਾਂ ਠੀਕ ਹੈ ਕਿ ਜੇ 'ਦੀਨ' ਤੇ 'ਦੁਨੀਆਂ' ਦੋਹਾਂ ਵਿਚੋਂ ਇਕ ਚੀਜ ਛਡਣੀ ਪਏ ਤਾਂ 'ਦੁਨੀਆਂ' ਛਡ ਦੇਣੀ ਚਾਹੀਦੀ ਹੈ; ਪਰ ਇਸ ਦੀ ਲੋੜ ਨਹੀਂ, ਦੋਹਾਂ ਦਾ ਆਪੋ ਵਿਚ ਅਜੋੜ ਨਹੀਂ ਹੈ:- ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥ (ਮ:੩)

ਦੁਨੀਆ ਦੇ ਇਸ ਨਜ਼ਾਮ ਨੂੰ ਚਲਾਣ ਵਾਲਾ ਕੋਈ ਐਸਾ ਹਾਕਮ ਨਹੀਂ ਜੋ ਬੰਦਿਆਂ ਵਾਸਤੇ ਅਜਿਹੇ ਕੰਮ ਜ਼ਰੂਰੀ ਥਾਪ ਦੇਵੇ ਜਿਹੜੇ ਅਮਲ ਵਿਚ ਨਾ ਆ ਸਕਣ। ਇਸ ਪੰਜ ਭਊਤਿਕ ਦੁਨੀਆਂ ਵਿਚ ਕਿਤੇ ਕੋਈ ਵਿਰੋਧੀ ਨਿਯਮ ਨਹੀਂ ਹਨ, ਮਾਨਸਕ ਮੰਡਲ (maral world) ਵਿਚ ਭੀ ਕੋਈ ਐਸੇ ਕਾਨੂੰਨ ਨਹੀਂ ਹਨ ਕਿ ਇਕ ਦੀ ਖ਼ਾਤਰ ਦੂਜੇ ਨੂੰ ਤਿਆਗਣਾ ਪਏ। ਗੁਰੂ ਅਰਜਨ ਸਾਹਿਬ ਨੇ ਭੀ ਫ਼ੁਰਮਾਇਆ ਹੈ:

"ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥"

ਜੇ ਰੱਬ ਚਾਹੁੰਦਾ ਤਾਂ ਬੰਦਿਆਂ ਵਾਸਤੇ ਭੀ ਭੋਜਨ ਦੀ ਵਰਖਾ ਉਤੋਂ ਹੀ ਕਰ ਦੇਂਦਾ, ਪਰ ਇਹ ਨਹੀਂ ਹੋਇਆ। ਜੇ ਮਨੁੱਖ ਕੰਮ ਬੰਦ ਕਰ ਦੇਵੇ ਤਾਂ ਸਾਰੀ ਤਰੱਕੀ ਬੰਦ ਹੋ ਜਾਏ। 'ਧਰਮ' ਭੀ ਇਨਸਾਨੀ ਤਰੱਕੀ ਵਾਸਤੇ ਹੀ ਹੈ, ਸੋ ਇਹ ਮਿਹਨਤ ਤੇ ਕਿਰਤ ਦਾ ਵਿਰੋਧੀ ਨਹੀਂ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥
(ਵਾਰ ਸਾਰੰਗ, ਮ:੧)

(ਬਾਕੀ ਪੰਨਾ ੨੫ ਤੇ ...)


www.AKJ.Org

# ਗੁਰੂ ਨਾਨਕ ਤੇ ਮਾਇਆਵਾਦ

(ਵਲੋਂ -ਸ: ਸੇਵਾ ਸਿੰਘ ਜੀ 'ਸੇਵਕ')

ਅਕਾਲ ਪੁਰਖ ਨੇ ਸ੍ਰਿਸ਼ਟੀ-ਰਚਨਾ ਦੇ ਨਾਲ ਹੀ ਮਾਇਆ ਦੀ ਰਚਨਾ ਕਰ ਦਿਤੀ। ਇਉਂ ਸਾਰਾ ਸੰਸਾਰ ਮਾਇਆ ਦੀ ਲਪੇਟ ਵਿਚ ਆ ਗਿਆ ਅਤੇ ਜੀਵਾਂ ਦਾ ਮਨ, ਮਾਇਆ-ਮੋਹ ਕਰਕੇ ਦੁਚਿੱਤੀ ਵਿਚ ਫਸ ਗਿਆ। 'ਮਾਇਆ ਮੋਹਿ ਸਗਲ ਜਗੁ ਛਾਇਆ' ਅਨੁਸਾਰ ਮਾਇਆ ਨੇ ਹਰੇਕ ਵਡੇ ਛੋਟੇ ਜੀਵ ਉਤੇ ਪ੍ਰਬਲਤਾ ਪਰਾਪਤ ਕਰ ਲਈ। ਮਾਇਆ ਇਕ ਅਜਿਹੀ ਵਸਤੂ ਹੈ ਜੋ ਹਰੇਕ ਜੰਮਦੇ ਜੀਵ ਨੂੰ ਚੰਬੜ ਕੇ ਉਸ ਨੂੰ ਸੰਸਾਰੀ ਉਮਰ ਆਪਣੇ ਭਰਮ-ਜਾਲ ਵਿਚ ਗ੍ਰਸੀ ਰਖਦੀ ਹੈ ਅਤੇ ਉਸ ਨੂੰ ਆਪਣੇ ਅਸਲੇ ਵਾਹਿਗੁਰੂ ਜੀ ਨਾਲੋਂ ਵਿਛੋੜ ਕੇ ਅਨੇਕਾਂ ਦੁਖਾਂ ਦੇ ਚੱਕਰ ਵਿਚ ਪਾਈ ਰਖਦੀ ਹੈ। ਦੁਨੀਆਂ ਦਾ ਕੋਈ ਜੀਵ ਇਸ ਦਾ ਅਸਰ ਕਬੂਲਣੋਂ ਨਹੀਂ ਬਚ ਸਕਿਆ। ਇਥੋਂ ਤੱਕ ਕਿ ਭੈਰੋਂ, ਲਛਮਣ ਤੇ ਭੀਸ਼ਮ ਪਿਤਾਮਾ ਵਰਗੇ ਜਤੀ ਤੇ ਗੋਰਖ ਮਛੰਦਰ ਆਦਿ ਜਿਹੇ ਜੋਗੀ ਵੀ ਇਸ ਦੀ ਪਕੜ ਤੋਂ ਮੁਕਤ ਨਹੀਂ ਹੋ ਸਕੇ। ਗੁਰਬਾਣੀ ਫ਼ੁਰਮਾਉਂਦੀ ਹੈ:-

ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥.....ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥ ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰ ਪੰਚ ਦੂਤਾ॥

ਅਕਾਲ ਪੁਰਖ ਨੇ ਤਾਂ ਜੀਵ ਨੂੰ ਮਾਨਸ ਜਨਮ ਇਸ ਵਾਸਤੇ ਦਿਤਾ ਸੀ ਕਿ ਉਹ ਆਪਣੇ ਜੋਤ ਸਰੂਪ ਅਸਲੇ ਨੂੰ ਪਛਾਣ ਕੇ ਨਾਮ ਸਿਮਰਨ ਦੁਆਰਾ ਉਸ ਵਿਚ ਅਭੇਖ ਹੋ ਜਾਵੇ ਤੇ ਇਉਂ ਚੁਰਾਸੀ ਲੱਖ ਜੂਨ ਦੇ ਚੱਕਰ ਵਿਚ ਫਸਣੋਂ ਬਚ ਜਾਵੇ, ਪਰ ਮਾਇਆ ਇਸ ਨੂੰ ਜੰਮਦਿਆਂ ਹੀ ਘੇਰ ਲੈਂਦੀ ਹੈ-

ਯਾ ਜੁਗ ਮਹਿ ਏਕਹਿ ਕਉ ਆਇਆ॥
ਜਨਮਤ ਮੋਹਿਓ ਮੋਹਨੀ ਮਾਇਆ॥

ਇਉਂ ਮਾਇਆ ਦੇ ਛਲ ਰੂਪ ਉਤੇ ਮੋਹਿਤ ਹੋਇਆ ਹੋਇਆ ਜੀਵ, ਸਾਰੀ ਉਮਰ ਇਸ ਦੇ ਥੱਲੇ ਲੱਗਾ ਰਹਿੰਦਾ ਹੈ ਤੇ ਅੰਤ ਨੂੰ ਦੁਰਲਭ ਮਨੁੱਖਾ ਜਨਮ ਗਵਾ ਕੇ ਪਛਤਾਉਂਦਾ ਹੈ:-

ਤ੍ਰਿਬਿਧਿ ਮਾਇਆ ਰਹੀ ਬਿਆਪਿ॥
ਜੋ ਲਪਟਾਨੋ ਤਿਸੁ ਦੂਖ ਸੰਤਾਪ॥
ਸ੍ਵਾਂਗੀ ਸਿਉ ਜੋ ਮਨੁ ਰੀਝਾਵੈ॥
ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ॥

ਗੁਰੂ ਅਮਰਦਾਸ ਜੀ ਮਾਇਆ ਦੇ ਅਸਰ ਨੂੰ ਇਉਂ ਬਿਆਨਦੇ ਹਨ:-

ਮਾਇਆ ਕਿਸ ਨੋ ਆਖੀਐ,
ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ,
ਹਉਮੈ ਕਰਮ ਕਮਾਇ॥ (੬੭)

ਸੰਸਾਰ ਦੇ ਜੀਵਾਂ ਨੂੰ ਮਾਇਆ ਦੇ ਜ਼ਹਿਰੀਲੇ ਅਸਰ ਹੇਠ ਵਿਲਕਦੀ ਹਾਲਤ ਵਿਚ ਵੇਖ ਕੇ ਉਨ੍ਹਾਂ ਨੂੰ ਮੁਕਤ ਕਰਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਉਨ੍ਹਾਂ ਉਤੇ ਵੀ ਮਾਇਆ ਆਪਣਾ ਪਰਭਾਵ ਪਾਉਣ ਲਈ ਅੱਡ ਅੱਡ ਸਮਿਆਂ ਪਰ ਆਈ, ਪਰ ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਕਿਰਪਾ ਨਾਲ, ਨਾ ਕੇਵਲ ਆਪਣੇ ਉਤੇ ਹੋਏ ਹੱਲਿਆਂ ਨੂੰ ਹੀ ਪਛਾੜਿਆ ਸਗੋਂ ਸਾਰੇ ਸੰਸਾਰ ਦੇ ਜੀਵਾਂ ਨੂੰ ਇਸ ਤੋਂ ਮੁਕਤ ਹੋਣ ਦਾ ਸੁਗਮ ਰਸਤਾ ਵੀ ਦੱਸ ਦਿਤਾ। ਆਪ ਆਸਾ ਰਾਗ ਵਿਚ ਮਾਇਆ ਦਾ ਬਿਕਰਾਲ ਰੂਪ ਦਾ ਇਉਂ ਵਰਨਣ ਕਰਦੇ ਹਨ:-

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥
ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥੧॥
ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥...
ਮਾਇਆ ਮੋਹਿ ਸਭੋ ਜਗੁ ਬਾਧਾ॥
ਹਉਮੈ ਪਚੈ ਮਨਮੁਖ ਮੂਰਾਖਾ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ॥(੩੯੪)

ਮਾਇਆ ਨਾਗਨੀ ਦਾ ਪਰਭਾਵ, ਜਗਤ-ਜੀਵਾਂ ਉਤੇ ਗੁਰੂ ਸਾਹਿਬ ਦੇ ਅਵਤਾਰ ਧਾਰਨ ਤੋਂ ਪਹਿਲਾਂ ਬਹੁਤ ਪਿਆ ਹੋਇਆ ਸੀ। ਕੀ ਧਰਮ-ਖੇਤਰਾਂ, ਕੀ ਰਾਜਸੀ ਅਦਾਰਿਆਂ ਚ, ਕੀ ਸਭਿਆਚਾਰਕ ਸੰਸਥਾਵਾਂ, ਸਭਨਾਂ ਵਿਚ ਮਾਇਆ ਦੀ ਪਰਧਾਨਤਾ ਛਾਈ ਹੋਈ ਸੀ।

ਸਤਿਗੁਰੂ ਜੀ ਨੇ ਇਸ ਦੇ ਮਾਰੂ ਅਸਰਾਂ ਅਤੇ ਇਸ ਦੀ ਸੰਗਤ ਤੋਂ ਪੈਦਾ ਹੋਣ ਵਾਲੀਆਂ ਹਉਮੈ, ਈਰਖਾ, ਬਿਖਾਂਧ, ਜੰਗ ਜੁੱਧ ਤੇ ਲੜਾਈ ਆਦਿ ਦੀਆਂ ਬੁਰਾਈਆਂ ਨੂੰ ਜੜ੍ਹੋਂ ਕੱਟਣ ਲਈ ਲੁਕਾਈ ਨੂੰ ਇਸ ਦਾ ਸਹੀ ਰੂਪ ਇਉਂ ਬਿਆਨ ਕੀਤਾ:-

ਇਸੁ ਜਰ ਕਾਰਣਿ ਘਣੀ ਵਿਗੁਤੀ,
ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ,
ਮੁਇਆ ਸਾਥਿ ਨ ਜਾਈ॥(੪੧੭)

ਇਹ ਮਾਇਆ ਦੁਨੀਆਂ ਨੂੰ ਭਰਮ-ਭੁਲੇਖੇ ਵਿਚ ਪਾ ਕੇ ਖੁਆਰ ਕਰਨ ਵਾਲੀ ਹੈ। ਇਹ ਪਾਪ-ਕਰਮਾਂ ਤੋਂ ਬਗ਼ੈਰ ਇਕੱਠੀ ਨਹੀਂ ਹੁੰਦੀ। ਇਸ ਦੇ ਪਰਾਪਤ ਕਰਨ, ਇਸ ਦੀ ਸੰਭਾਲ ਕਰਨ ਤੇ ਇਸ ਤੋਂ ਵਿਛੜਨ ਵਿਚ, ਸਭ ਦੁਖ ਹੀ ਦੁਖ ਹੈ। ਮਾਇਆ ਜਦ ਅਨੇਕ ਰੂਪ ਧਾਰ ਕੇ ਜੀਵ ਦੀ ਬੁੱਧੀ ਨੂੰ ਚੱਕਰ ਵਿਚ ਪਾਉਂਦੀ ਹੈ ਤਾਂ ਜੀਵ ਲਈ ਆਪਣਾ ਆਪ ਸੰਭਾਲਣਾ ਔਖਾ ਹੋ ਜਾਂਦਾ ਹੈ। ਇਸ ਦੇ ਪਰਭਾਵ ਤੋਂ ਪੈਣ ਵਾਲੀ ਮੈਲ, ਜੀਵ-ਆਤਮਾ ਦੇ ਨਿਰਮਲ ਸ਼ੀਸ਼ੇ ਨੂੰ ਅਨਜਾਣੇ ਹੀ ਧੁੰਧਲਾ ਕਰਦੀ ਰਹਿੰਦੀ ਹੈ, ਜਿਸ ਦਾ ਫਲ-ਸਰੂਪ, ਜੀਵ ਦੀ ਆਤਮਾ ਉਤੇ ਪ੍ਰਮਾਤਮਕ ਰੌਸ਼ਨੀ ਦਾ ਝਲਕਾਰਾ ਪੈਣੋਂ ਬੰਦ ਹੋ ਜਾਂਦਾ ਹੈ ਅਤੇ ਉਸ ਦੀ ਬਿਬੇਕ ਬੁੱਧੀ ਪੱਕੇ ਤੌਰ ਤੇ ਮਲੀਨ ਹੋ ਜਾਂਦੀ ਹੈ।

ਗੁਰਬਾਣੀ ਵਿਚ ਥਾਂ ਥਾਂ ਮਾਇਆ ਨੂੰ ਨਾਗਨੀ ਅਥਵਾ ਸਪਣੀ ਦੀ ਤੁੱਲਨਾ ਦਿਤੀ ਹੋਈ ਹੈ, ਜਿਵੇਂ-

ਮਾਇਆ ਹੋਈ ਨਾਗਨੀ,ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ,ਤਿਸ ਹੀ ਕਉ ਫਿਰਿ ਖਾਇ॥
(੫੧੦)

ਮਾਇਆ ਮਮਤਾ ਮੋਹਣੀ, ਜਿਨਿ ਵਿਣੁ ਦੰਤਾ ਜਗੁ ਖਾਇਆ॥ ਮਨਮੁਖ ਖਾਧੇ ਗੁਰਮੁਖਿ ਉਬਰੇ, ਜਿਨਿ ਸਚਿ ਨਾਮਿ ਚਿਤੁ ਲਾਇਆ॥ (੬੪੩)

ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਨੂੰ ਮਾਇਆ ਤੇ ਇਸ ਤੋਂ ਉਤਪੰਨ ਹੋਣ ਵਾਲੀ ਹਉਮੈ ਵਿਚ ਸੜਦੇ ਵੇਖਿਆ। ਕਿਤੇ ਸੱਜਣ ਵਰਗੇ ਪੁਰਸ਼ ਬਾਹਰੋਂ ਭਗਤਾਂ ਵਾਲਾ ਦਿਖਾਵਾ ਕਰ ਕੇ ਲੋਕਾਂ ਨੂੰ ਠੱਗ-ਠੋਰ, ਰਹੇ ਸਨ, ਕਿਤੇ ਮਲਕ ਭਾਗੋ ਜਿਹੇ ਮਾਇਆਧਾਰੀ ਦੁਨੀਆਂ ਨੂੰ ਲੁੱਟ-ਖਸੁੱਟ ਕੇ ਭਰੀਆਂ ਤਜੌਰੀਆਂ ਵਿਚ ਬ੍ਰਹਮ ਭੋਜ ਦਾ ਪਖੰਡ ਰਚਾ ਰਹੇ ਸਨ, ਕਿਤੇ ਬ੍ਰਾਹਮਣ ਲੋਕ ਆਮ ਜੀਵਾਂ ਨਾਲੋਂ ਉਚੇ ਬਣ ਕੇ ਤੇ ਉਨ੍ਹਾਂ ਨੂੰ ਅਵਿੱਦਯ ਰਖ ਕੇ, ਉਨ੍ਹਾਂ ਦੇ ਧਨ ਮਾਲ ਉਤੇ ਧਾੜੇ ਮਾਰ ਰਹੇ ਸਨ, ਕਿਤੇ ਸਿੱਧ ਨਾਥ ਜੋਗੀ ਲੋਕ, ਅਖਾਉਤੀ ਤਿਆਗ ਦਿਖਾ ਕੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਰਹੇ ਸਨ। ਹਰ ਪਾਸੇ ਪਾਪ, ਪਖੰਡ, ਠੱਗੀ, ਵਲ ਛਲ ਧੌਲ ਧੱਕੇ ਤੇ ਧਿੰਙੋਜ਼ੋਰੀ ਦਾ ਬਾਜ਼ਾਰ ਗਰਮ ਸੀ ਅਤੇ ਇਹ ਸਾਰੇ ਪਾਪ ਕੇਵਲ ਮਾਇਆ ਦੀ ਪਰਾਪਤੀ ਕਾਰਨ ਕੀਤੇ ਜਾ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੀ ਧਨ-ਸੰਪਦਾ ਵਧਾਉਣ ਵਾਲੇ ਕਿਰਤੀ ਕਿਰਸਾਨਾਂ, ਹਟਵਾਣੀਆਂ, ਸੌਦਾਗਰਾਂ ਤੇ ਨੌਕਰੀ ਕਰਨ ਵਾਲਿਆਂ ਨੂੰ ਇਹ ਗੱਲ ਦ੍ਰਿੜ੍ਹ ਕਰਵਾਈ ਕਿ ਤੁਸੀਂ ਇਨ੍ਹਾਂ ਕਮਾਮਾਂ ਨੂੰ ਧਾਰਨ ਕਰਦੇ ਹੋਏ ਇਸ ਗੱਲ ਦਾ ਖ਼ਿਆਲ ਰਖੋ ਕਿ ਜਿਸ ਮਾਇਆ ਬਦਲੇ ਤੁਸੀਂ ਆਪਣੇ ਫ਼ਰਜ਼ ਤੋਂ ਕੋਤਾਹੀ ਕਰ ਰਹੇ ਹੋ ਮਾਇਆ ਵਧਾ ਰਹੇ ਹੋ, ਉਹ ਮਾਇਆ ਮਰਨ ਵੇਲੇ ਨਾਲ ਨਹੀਂ ਜਾਣੀ। ਇਹ ਤਾਂ ਮਨਮੋਹਣਾ ਰੂਪ ਧਾਰ ਕੇ ਤੁਹਾਨੂੰ ਛਲਣ ਵਾਸਤੇ ਆਈ ਹੈ। ਇਸ ਲਈ ਮਿਹਨਤ, ਉਦਮ, ਸਾਦਗੀ, ਉਚੀ ਸੁਰਤ, ਸਚਾਈ, ਚੰਗਿਆਈ, ਨੇਕੀ, ਪਵਿੱਤਰਤਾ, ਸਦਾਚਾਰ ਤੇ ਰੱਬੀ-ਯਾਦ ਨੂੰ ਪੱਲੇ ਬੰਨ੍ਹੋ, ਤਾਂ ਹੀ ਤੁਹਾਡੀ ਜੀਵਨ-ਯਾਤਰਾ ਸਫ਼ਲ ਹੋ ਸਕਦੀ ਹੈ ਤੇ ਪਰਲੋਕ ਸੌਰ ਸਕਦਾ ਹੈ ਅਜੋਕੇ ਸੰਸਾਰ ਵਿਚ ਵੀ ਉਪਰੋਕਤ ਪਰਮੁਖ ਪੇਸ਼ੇ ਧਾਰਨ ਕਰਨ ਵਾਲਿਆਂ ਲਈ ਸਤਿਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਚਾਨਣ-ਮੁਨਾਰੇ ਦਾ ਕੰਮ ਦੇ ਕੇ ਸਹੀ ਅਗਵਾਈ ਕਰ ਰਿਹਾ ਹੈ-

ਮਣੁ ਹਾਲੀ ਕਿਰਸਾਣੀ ਕਰਣੀ,
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ,
ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ,
ਸੇ ਘਰ ਭਾਗਠ ਦੇਖੁ॥੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ
ਵਿਰਲਾ ਬੂਝੈ ਕੋਇ॥੧॥ਰਹਾਉ॥(੫੯੫)


www.AKJ.Org

ਵਰਤਮਾਨ ਜੁਗ ਬੜੀ ਤੇਜ਼ੀ ਨਾਲ ਮਾਇਆਵਾਦ, ਪਦਾਰਥਵਾਦ ਅਥਵਾ ਮਾਦਾ-ਪ੍ਰਸਤੀ ਵਲ ਵਧ ਰਿਹਾ ਹੈ। ਭਾਵੇਂ ਸਾਂਝੀਵਾਲਤਾ ਤੇ ਕਮਿਊਨਿਜ਼ਮ ਆਦਿ ਸਿਧਾਂਤ ਵੀ ਕਈ ਦੇਸ਼ਾਂ ਵਿਚ ਜੜ੍ਹ ਫੜ ਰਹੇ ਹਨ, ਪਰ ਅਮਲੀ ਤੌਰ ਤੇ ਮਾਇਆ ਦਾ ਹੀ ਬੋਲ-ਬਾਲਾ ਹੈ। ਪਰਾਈ ਚੀਜ਼ ਅਪਨਾਉਣ ਦੀ ਖ਼ਾਹਸ਼ ਤੇ ਕਬਜ਼ਾ ਕਰਨ ਦੀ ਅਕਾਂਖਿਆ ਪ੍ਰਬਲ ਹੋ ਰਹੀ ਹੈ। ਸੰਤੋਖ ਤੇ ਸੰਤੁਸ਼ਟਤਾ ਖੰਭ ਲਾ ਕੇ ਉਡ ਚੁਕੇ ਹਨ। ਧਨ-ਪ੍ਰਾਪਤੀ ਦੀ ਹਵਸ ਇਕ ਜੰਗ ਦੇ ਖ਼ਤਮ ਹੋਣ ਪਿਛੋਂ ਦੂਜੀ ਜੰਗ ਦੀ ਬੁਨਿਆਦ ਰਖ ਦੇਂਦੀ ਹੈ। ਤ੍ਰਿਸ਼ਨਾ ਦੀ ਅੱਗ ਹੈ ਹੀ ਇਹੋ ਜਿਹੀ ਜੋ ਸਦਾ ਵਧਦੀ ਜਾਂਦੀ ਹੈ। ਲਖਪਤੀ ਕਰੋੜਪਤੀ, ਤੇ ਕਰੋੜਪਤੀ ਅਰਬਪਤੀ ਬਣਨਾ ਲੋਚਦਾ ਹੈ। ਵਡੇ ਵਡੇ ਦੇਸ਼ਾਂ ਦਾ ਰਾਜ ਪਰਾਪਤ ਕਰਨ ਵਾਲਿਆਂ ਦੀ ਵੀ ਤ੍ਰਿਸ਼ਨਾ ਨਹੀਂ ਬੁਝਦੀ। ਖਾਣ, ਪੀਣ, ਪਹਿਨਣ ਕੁੱਤੇ ਵਾਂਗ ਚਾਰ-ਚੁਫੇਰੇ ਚੱਕ ਮਾਰਦਾ ਫਿਰਦਾ ਹੈ। ਸ਼ਬਦ, ਸਪੱਰਸ਼, ਰੂਪ, ਰਸ, ਗੰਧ ਦਾ ਸੁਆਦ ਇਸ ਨੂੰ ਮਨੁੱਖਤਾ ਦੇ ਦਰਜੇ ਤੋਂ ਬਹੁਤ ਨੀਵਾਂ ਫੇਗ ਦੇਂਦਾ ਹੈ। ਪਦਾਰਥਾਂ ਦੀ ਭੁੱਖ ਮਿਟਦੀ ਨਹੀਂ ਤੇ ਜੀਵ ਭੋਗਾਂ ਨੂੰ ਭੋਗਦਾ ਭੋਗਦਾ ਆਪਣਾ ਭੋਗ ਪੁਆ ਲੈਂਦਾ ਹੈ। ਇਕ ਇਕੱਲੇ ਜੀਵ ਤੋਂ ਲੈ ਕੇ ਵਡੇ ਵਡੇ ਸਮੂੰਹਾਂ, ਕੌਮਾਂ ਤੇ ਸੰਸਾਰ-ਜਥੇਬੰਦੀਆਂ ਦੇ ਅੰਦਰੋਂ ਇਹ ਮਾਇਆ-ਪਰਾਪਤੀ ਦੀ ਭੁੱਖ ਦੂਰ ਨਹੀਂ ਹੁੰਦੀ, ਕੀ ਗ੍ਰਹਿਸਤੀ ਤੇ ਕੀ ਉਦਾਸੀ, ਕੀ ਜਤੀ ਸਤੀ ਤੇ ਕੀ ਜੋਗੀ ਭੋਗੀ, ਸਭ ਮਾਇਆ ਦੇ ਅਸਰ ਨਾਲ ਕੀਲੇ ਹੋਏ ਨਾਚ ਨੱਚ ਰਹੇ ਹਨ।

ਛਲ ਰੂਪ ਮਾਇਆ ਤੋਂ ਬਚਣ ਦਾ ਜਿੰਨਾ ਸਖੈਨ ਤੇ ਸਫ਼ਲ ਸਾਧਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ, ਉਹੋ ਜਿਹਾ ਹੋਰ ਕਿਸੇ ਗ੍ਰੰਥ ਵਿਚੋਂ ਨਹੀਂ ਮਿਲਦਾ, ਆਪ ਫ਼ੁਰਮਾਉਂਦੇ ਹਨ-

ਸੇ ਉਬਰੇ ਜਿ ਸਤਿਗੁਰ ਕੀ ਸਰਨਾ॥(੩੯੪)

ਕੇਵਲ ਸਤਿਗੁਰੂ ਜੀ ਦੀ ਸ਼ਰਨ ਆਇਆਂ ਹੀ ਜੀਵ ਮਾਇਆ ਦੇ ਵਿਹੁਲੇ ਅਸਰ ਤੋਂ ਬਚ ਸਕਦੇ ਹਨ। ਸਤਿਗੁਰੂ ਜੀ ਨਾਮ ਦਾ ਅਜਿਹਾ ਗਾਰੜੂ ਮੰਤਰ ਬਖ਼ਸ਼ਦੇ ਹਨ, ਜੋ ਮਾਇਆ ਦੇ ਜ਼ਹਿਰ ਦੇ ਅਸਰ ਤੋਂ ਜੀਵ ਨੂੰ ਮੁਕਤ ਕਰਾਉਂਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:-

ਗੁਰ ਪੂਰੇ ਉਪਦੇਸ, ਸਚ ਦ੍ਰਿੜਾਇਆ॥
ਗੁਰਮੁਖ ਭੂਪਤਿ ਭੇਸ, ਨ ਵਿਆਪੈ ਮਾਇਆ॥....
ਗੁਰਮੁਖ ਸੁਖ ਫਲ ਸਾਧੁ ਸੰਗ,
ਮਾਯਾ ਅੰਦਰ ਕਰਨ ਉਦਾਸੀ॥
ਚੰਦਨ ਸੱਪੀਂ ਵੇੜ੍ਹਿਆ,
ਸੀਤਲ ਸਾਂਤਿ ਸੁਗੰਧ ਵਿਗਾਸੀ॥

ਜਿਹੜੇ ਪੁਰਸ਼ ਗੁਰ-ਉਪਦੇਸ਼ ਦੀ ਕਮਾਈ ਦੁਆਰਾ ਮਾਇਆ ਨੂੰ ਆਪਣੇ ਵੱਸ ਵਿਚ ਕਰ ਲੈਂਦੇ ਹਨ, ਮਾਇਆ ਉਨ੍ਹਾਂ ਪੁਰਸ਼ਾਂ ਦੀ ਦਾਸੀ ਹੋ ਕੇ ਸੇਵਾ ਕਰਨ ਲੱਗ ਪੈਂਦੀ ਹੈ। ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ:-

ਨਾਨਕ ਹਰਿ ਨਾਮੁ ਜਿਨੀ ਆਰਾਧਿਆ,
ਅਨਦਿਨੁ ਹਰਿ ਲਿਵਤਾਰ॥
ਮਾਇਆ ਬੰਦੀ ਖਸਮ ਕੀ,
ਤਿਨ ਅਗੈ ਕਮਾਵੈ ਕਾਰ॥(੯੦)

ਗੁਰਮੁਖ ਪੁਰਸ਼, ਮਾਇਆ ਦੀ ਅਸਲੀਅਤ ਨੂੰ ਪਛਾਣ ਕੇ ਇਸ ਉਤੇ ਪੂਰਨ ਤੌਰ ਤੇ ਵਸੀਕਾਰ ਪਰਾਪਤ ਕਰ ਲੈਂਦੇ ਹਨ। ਉਹ ਮਾਇਆ ਵਿਚ ਰਹਿੰਦਿਆਂ ਹੋਇਆਂ ਹੀ ਇਸ ਦੇ ਅਸਰ ਤੋਂ ਨਿਰਲੇਪ ਤੇ ਅਸੰਗ ਰਹਿੰਦੇ ਹਨ:-

ਏਹ ਮਾਇਆ ਜਿਤੁ ਹਰਿ ਵਿਸਰੈ,
ਮੋਹੁ ਉਪਜੈ, ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵਲਾਗੀ,
ਤਿਨੀ ਵਿਚੇ ਮਾਇਆ ਪਾਇਆ॥..........(੯੨੧)

ਗੁਰਮੁਖਤਾ ਨੂੰ ਗ੍ਰਹਿਣ ਕਰਨ ਵਾਲੇ ਜੀਵ, ਗ੍ਰਹਿਸਤੀ ਜੀਵਨ ਬਤੀਤ ਕਰਦੇ ਹੋਏ ਵੀ, ਮਾਇਆ ਵਿਚ ਇਉਂ ਉਦਾਸ ਰਹਿੰਦੇ ਹਨ ਜਿਵੇਂ ਕੰਵਲ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਉਸ ਦੇ ਸੰਗ-ਦੋਖ ਤੋਂ ਅਸੰਗ ਰਹਿੰਦਾ ਹੈ। ਉਨ੍ਹਾਂ ਨੂੰ ਸੱਚ ਤੋਂ ਫਿਸਲਾਉਣ ਦੀ ਥਾਂ, ਸਾਰੇ ਵਿਹਰਾਂ ਵਿਚ ਸੁਖ ਪੁਚਾਉਂਦੀ ਤੇ ਸੇਵਾ ਕਰਦੀ ਹੈ। ਭਾਈ ਨੰਦ ਲਾਲ ਜੀ ਦਾ ਕਥਨ ਹੈ- ਆਰਫ਼ਾਂ ਰਾ ਦੌਲਤੇ ਖ਼ੁਸ਼ਰੂ ਨੁਮਾਸਤ॥

ਨਾਮ ਦੀ ਰੰਗਤ ਵਿਚ ਰੰਗੇ ਹੋਏ ਅਜਿਹੇ ਗੁਰਸਿਖ, ਸੱਤ, ਸੰਤੋਖ, ਦਇਆ ਦੀ ਅਵਸਥਾ ਵਿਚ ਰਹਿੰਦੇ ਹੋਏ ਸੰਸਾਰ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਖਾਣਾ, ਪੀਣਾ, ਹੱਸਣਾ ਤੇ ਸੁਖ ਮਾਨਣੇ ਸਭ ਸਫ਼ਲ ਹਨ। ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ-


www.AKJ.Org

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮ ਹਰਿ ਰਾਤੇ॥ ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥ ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ, ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥ ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ, ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥ (੬੪੮)

ਸੋ ਗੁਰਮਤਿ ਅਨੁਸਾਰ ਪਦਾਰਥਾਂ ਦੀ ਭੁੱਖ ਤੇ ਵਧ ਤੋਂ ਵਧ ਮਾਇਆ ਪਰਾਪਤ ਕਰਨ ਦੀ ਤ੍ਰਿਸ਼ਨਾ ਤਦੇ ਹੀ ਮਿਟਦੀ ਹੈ ਜੇ ਜੀਵ ਆਪਣੇ ਅੰਦਰੋਂ ਹਉਮੈ ਦਾ ਅਭਾਵ ਕਰ ਕੇ, ਗੁਰ-ਉਪਦੇਸ਼ ਦੀ ਕਮਾਈ ਕਰੇ ਤੇ ਨਾਮ-ਸਿਮਰਨ ਵਿਚ ਜੁਟ ਕੇ ਜਗਤ-ਜੀਵਾਂ ਦੀ ਸੇਵਾ ਲਈ ਤਤਪਰ ਰਹੇ। ਅਜੋਕੇ ਤ੍ਰਿਸ਼ਨਾ-ਕੁੱਠੇ ਸੰਸਾਰ ਵਿਚ, ਵਧੀ ਹੋਈ ਸਭਿਅਤਾ ਦੇ ਬਾਵਜੂਦ, ਪਦਾਰਥ ਵਾਦ ਤੇ ਮਾਦਾ-ਪ੍ਰਸਤੀ ਦਾ ਭੂਤ, ਪੜ੍ਹੀਆਂ ਹੋਈਆਂ ਰੱਜੀਆਂ ਪੁੱਜੀਆਂ ਤੇ ਸਭਯ ਕੌਮਾਂ ਦੇ ਸਿਰ ਉਤੇ ਸਵਾਰ ਹੋਇਆ ਹੈ। ਉਹ ਇਕ ਦੂਜੀ ਨੂੰ ਡਰਾਉਣੀਆਂ-ਧਮਕਾਉਣੀਆਂ ਤੇ ਮਾਰੂ ਹਥਿਆਰਾਂ ਨਾਲ ਤਬਾਹ ਕਰਨ ਦਾ ਭੈ ਦਿਖਾ ਕੇ ਭੈ-ਭੀਤ ਕਰ ਰਹੀਆਂ ਹਨ, ਜਿਸ ਕਰਕੇ ਸਾਰੇ ਸੰਸਾਰ ਦੇ ਲੋਕ ਤ੍ਰਾਹੇ ਹੋਏ ਹਨ ਤੇ ਚਿੰਤਾ ਵਿਚ ਡੁੱਬੇ ਹੋਏ ਹਨ ਜੇ ਅਜ ਦਾ ਅਕਲੱਈਆ ਜੀਵ, ਗੁਰੂ-ਉਪਦੇਸ਼ ਦੁਆਰਾ, ਮਾਇਆ ਦੀ ਅਸਲੀਅਤ ਨੂੰ ਭਾਂਪ ਕੇ ਸਿਖ ਗੁਰੂ ਸਾਹਿਬਾਂ ਦੇ ਦੱਸੇ ਹੋਏ ਦਾਰੂ ਨੂੰ ਅਪਣਾ ਲਵੇ ਤਾਂ ਵਿਸ਼ਵ ਵਿਚ ਸਦੀਵੀ ਅਮਨ-ਸ਼ਾਂਤੀ, ਏਕਤਾ, ਪ੍ਰੇਮ, ਰਵਾਦਾਰੀ ਇਨਸਾਫ਼ ਤੇ ਸੁਖ ਦਾ ਰਾਜ ਸਥਾਪਤ ਹੋ ਸਕਦਾ ਹੈ।

■ ■ ■

ਪੰਨਾ ੨੧ ਦਾ ਬਾਕੀ

ਆਪਣੇ ਕਮਰੇ ਵਿਚ ਕੰਧ ਨਾਲ ਲਟਕਿਆ ਹੋਇਆ ਕਲਾਕ ਤੁਸੀ ਰੋਜ ਵੇਖਦੇ ਹੋ, ਕਦੇ ਉਪਰਲਾ ਪਰਦਾ ਚੁੱਕ ਕੇ ਉਸ ਦੇ ਪੁਰਜ਼ੇ ਵੇਖੋ, ਬੜੇ ਨਾਜ਼ਕ ਹੁੰਦੇ ਹਨ। ਇਸ ਮਸ਼ੀਨਰੀ ਦੀ ਸਾਰ ਨਾ ਜਾਨਣ ਵਾਲਾ ਮਨੁੱਖ ਜਦੋਂ ਇਹਨਾਂ ਨਾਜ਼ਕ ਪੁਰਜ਼ਿਆਂ ਨੂੰ ਵੇਖਦਾ ਹੈ, ਤੇ; ਨਾਲ ਹੀ ਉਸ ਕਲਾਕ ਵਿਚ ਲਟਕਦੇ ਪੈਂਡੂਲਮ ਦਾ ਭਾਰ ਜਾਂਚਦਾ ਹੈ ਤਾਂ ਖ਼ਿਆਲ ਕਰਦਾ ਹੈ ਕਿ ਜੇ ਇਹ ਭਾਰ ਕਲਾਕ ਨਾਲੋਂ ਲਾਹ ਲਿਆ ਜਾਏ ਤਾਂ ਕਲਾਕ ਦੇ ਪੁਰਜ਼ੇ ਕਿਹੇ ਸੌਖੇ ਤੁਰਨ। ਅੰਞਾਣ ਨੂੰ ਇਹ ਭਾਰ ਕਲਾਕ ਦੀ ਮਸ਼ੀਨਰੀ ਦੇ ਚਲਣ ਦੇ ਰਾਹ ਵਿਚ ਰੁਕਾਵਟ ਜਾਪਦਾ ਹੈ। ਪਰ ਅਸਲ ਗੱਲ ਇਹ ਹੈ ਕਿ ਇਹ ਭਾਰ ਕਲਾਕ ਦੇ ਪਰਜ਼ਿਆਂ ਦੀ ਰਫ਼ਤਾਰ ਨੂੰ ਟਿਕਵੀਂ ਰਖਣ ਵਾਸਤੇ ਹੈ। ਇਸੇ ਤਰ੍ਹਾਂ, ਮਨੁੱਖ ਦੀਆਂ ਦੁਨਿਆਵੀ ਜ਼ਿੰਮੇਵਾਰੀਆਂ ਦਾ ਭਾਰ ਇਸ ਦਾ ਆਤਮਕ ਜ਼ਿੰਦਗੀ ਦੀ ਰਫ਼ਤਾਰ ਨੂੰ ਇਕ-ਸੁਰ ਤੇ ਅਡੋਲ ਰਖਣ ਵਾਸਤੇ ਹੈ। ਜੇ ਇਹ ਭਾਰ ਲਾਹ ਕੇ ਪਰੇ ਰਖ ਦਿਤਾ ਜਾਏ ਤਾਂ ਆਤਮਕ ਜੀਵਨ ਦੀ ਮਸ਼ੀਨਰੀ ਭੀ ਬੇ-ਥਵੀ ਹੋ ਜਾਂਦੀ ਹੈ।

ਅਕਾਸ਼ ਵਿਚ ਚੰਦ੍ਰਮਾ ਤੇ ਹੋਰ ਸਈਆਰਿਆਂ ਵਲ ਤੱਕੋ, ਹਰੇਕ ਦੀ ਦੋਹਰੀ ਚਾਲ ਹੈ, ਇਕ ਆਪਣਾ ਚੱਕਰ-ਮੰਡਲ ਵਿਚ, ਤੇ, ਦੂਜੀ ਆਪਣੇ ਧੁਰੇ ਦੇ ਦੁਆਲੇ। ਇਕ ਚਾਲ ਦੂਜੀ ਚਾਲ ਦਾ ਵਿਰੋਧ ਨਹੀਂ ਕਰਦੀ, ਦੋਵੇਂ ਇਕੱਠੀਆਂ ਹੀ ਇਕ-ਸੁਰ ਚਲੀਆਂ ਜਾ ਰਹੀਆਂ ਹਨ। ਇਨਸਾਨੀ ਜ਼ਿੰਦਗੀ ਦੀਆਂ ਭੀ ਦੋ ਹੀ ਚਾਲਾਂ ਹਨ: ਇਕ, ਦੁਨਿਆਵੀ ਕੇਂਦਰ ਦੇ ਦੁਆਲੇ, ਤੇ ਦੂਜੀ, ਰੂਹਾਨੀ ਕੇਂਦਰ ਦੇ ਗਿਰਦੇ। ਦੋਵੇਂ ਚਾਲਾਂ ਇਕ-ਸੁਰ ਰਹਿਣੀਆਂ ਹਨ, ਤਾਹੀਏਂ ਹੁਕਮ ਹੈ:-

"ਹਾਥ ਪਾਉ ਕਰਿ ਕਾਮੁ ਸਭੁ,
ਚੀਤੁ ਨਿਰੰਜਨ ਨਾਲਿ ॥"(੧੩੭੬)

— — —

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
(ਪੰਨਾ ੯੨੦)



www.AKJ.Org

## ਜੀਵਤ ਪਿਤਰ ਨ ਮਾਨੈ ਕੋਊ

ਅਜ ਦੇ ਸਮੇਂ ਸਿੱਖਾਂ ਵਿਚ ਇਹ ਰਿਵਾਜ ਪ੍ਰਚਲਤ ਹੋ ਗਿਆ ਹੈ ਕਿ ਮ੍ਰਿਤਕ ਦੇ ਭੋਗ ਸਮੇਂ ਮ੍ਰਿਤੂ ਹੋਏ ਸਜਨ ਨੂੰ ਸ਼ਰਧਾਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦੀ ਸਮਾਪਤੀ ਪਿਛੋਂ ਸ਼ਰਧਾਂਜਲੀਆਂ ਦਾ ਦੌਰ ਚਲਦਾ ਹੈ। ਭਾਵੇਂ ਕਿੰਨਾ ਰਸਦਾਇਕ ਕੀਰਤਨ ਹੋ ਰਿਹਾ ਹੋਵੇ ਤੇ ਸਰੋਤੇ ਸ਼ਰਧਾ ਅਤੇ ਪਿਆਰ ਨਾਲ ਸੁਣ ਰਹੇ ਹੋਣ, ਉਸਦੀ ਸਮਾਪਤੀ ਕਰ ਕੇ ਸੰਸਾਰ ਤੋਂ ਤੁਰ ਗਏ ਵਿਅੱਕਤੀਆਂ ਲਈ ਤੇ ਉਸ ਦੇ ਜੀਉਂਦੇ ਸਬੰਧੀਆਂ ਦੀਆਂ ਸਿਫ਼ਤਾਂ ਕਰ ਕੇ ਸਰੋਤਿਆਂ ਵਿਚ ਬੇਰਸੀ ਪੈਦਾ ਕੀਤੀ ਜਾਂਦੀ ਹੈ। ਹਾਲਾਂ ਕਿ ਉਸ ਇਕੱਠ ਵਿਚ ਘਰ ਵਾਲਿਆਂ ਦੇ ਸਬੰਧੀ ਜਾਂ ਹੋਰ ਨਜ਼ਦੀਕੀ ਸਜਣ ਹੀ ਆਏ ਹੁੰਦੇ, ਹਨ ਜੋ ਮ੍ਰਿਤੂ ਹੋ ਚੁਕੇ ਸਜਣ ਦੇ ਜੀਵਨ ਤੋਂ ਚੰਗੀ ਤਰ੍ਹਾਂ ਵਾਕਫ਼ ਹੁੰਦੇ ਹਨ ਤੇ ਉਹਨਾਂ ਦੇ ਸਾਰੇ ਖ਼ਾਨਦਾਨ ਨੂੰ ਜਾਣਦੇ ਹਨ। ਅਸਾਂ ਡਿਠਾ ਹੈ ਕਿ ਮ੍ਰਿਤਕ ਪ੍ਰਾਣੀ ਜਿਨ੍ਹਾਂ ਵਿਚ ਬਹੁਤੇ ਬਜ਼ੁਰਗ ਹੀ ਹੁੰਦੇ ਹਨ, ਉਹਨਾਂ ਦੀ ਸੇਵਾ ਸੰਭਾਲ ਤੇ ਆਗਿਆ ਦੀ ਪਾਲਣਾ ਉਹਨਾਂ ਦੀ ਜ਼ਿੰਦਗੀ ਵਿਚ ਸੰਤਾਨ ਨਹੀਂ ਕਰਦੀ ,ਪਰ ਜਿਸ ਵੇਲੇ ਉਹ ਚੜ੍ਹਾਈ ਕਰ ਜਾਂਦੇ ਹਨ ਤਾਂ ਉਨ੍ਹਾਂ ਨਮਿਤ ਪਾਠ ਦੇ ਭੋਗ ਵਾਲੇ ਦਿਨ ਬੜੇ ਭਾਰੀ ਸ਼ਾਮਿਆਨੇ ਲਾ ਕੇ ਪਰਸਿਧ ਰਾਗੀ ਸਦ ਕੇ ਕੀਰਤਨ ਕਰਵਾਇਆ ਜਾਂਦਾ ਹੈ। ਕੀਰਤਨ ਦਾ ਸਮਾਂ ਘਟ ਕਰ ਕੇ ਸ਼ਰਧਾਂਜਲੀਆਂ ਸ਼ੁਰੂ ਹੋ ਜਾਂਦੀਆਂ ਹਨ। ਕੀ ਧਾਰਮਕ ਕੀ ਰਾਜਸੀ ਵਿਚਾਰਾਂ ਦੇ ਸਜਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਸਦੇ ਪੁੱਤਰ-ਪੋਤਰਿਆਂ ਦੀਆਂ ਸਿਫ਼ਤਾਂ ਕਰਨ ਲਗਿਆਂ ਇਕ ਦੂਜੇ ਤੋਂ ਵਧ ਸਫ਼ੈਦ ਝੂਠ ਬੋਲਦੇ ਹਨ।

ਅਸਾਂ ਕਈ ਥਾਂਈ ਵੇਖਿਆ ਹੈ ਕਿ ਚੰਗੇ ਚੰਗੇ ਬੁਲਾਰੇ ਘਰ ਵਾਲਿਆਂ ਨੂੰ ਖ਼ੁਸ਼ ਕਰਨ ਲਈ ਹੀ ਬੋਲਦੇ ਹਨ। ਉਹਨਾਂ ਨੂੰ ਅਸਲੀਅਤ ਦਾ ਪਤਾ ਹੁੰਦਾ ਹੈ ਕਿ ਇਸ ਪਤਵੰਤੇ ਅਖਵਾਣ ਵਾਲੇ (ਮਾਇਆਧਾਰੀ) ਸਜਨ ਨੇ ਜੀਉਂਦੇ ਜੀ ਬਜ਼ੁਰਗ ਮਾਤਾ ਪਿਤਾ ਦੀ ਕੋਈ ਸੇਵਾ ਨਹੀਂ ਕੀਤੀ ਤੇ ਨਾ ਹੀ ਉਹਨਾਂ ਦੇ ਕਿਸੇ ਹੁਕਮ ਦੀ ਪਾਲਣਾ ਕੀਤੀ ਹੈ। ਇਸ ਹਾਲਤ ਵਿਚ ਤਾਰੀਫ਼ ਕਰ ਉਸ ਪਤਵੰਤੇ ਦੀ ਹਮਦਰਦੀ ਪਰਾਪਤ ਕਰਨ ਲਈ ਹੀ ਸਾਹਿਬ ਦੀ ਹਜ਼ੂਰੀ ਵਿਚ ਝੂਠ ਬੋਲਣ ਤੋਂ ਰਤਾ ਸੰਕੋਚ ਨਹੀਂ ਕਰਦੇ। ਆਖਰ ਝੂਠ ਤੇ ਖ਼ੁਸ਼ਾਮਦ ਦੀ ਵੀ ਕੋਈ ਹਦ ਹੁੰਦੀ ਹੈ। ਉਹਨਾਂ ਦੇ ਬੋਲਣ ਦਾ ਪਰਭਾਵ ਇਹ ਹੁੰਦਾ ਹੈ ਕਿ ਉਥੇ ਬੈਠੇ ਸਜਣ ਆਪਸ ਵਿਚ ਕਾਨਾਫੂਸੀ ਕਰਕੇ ਘਰ ਵਾਲਿਆਂ ਦਾ ਅਤੇ ਬੋਲਣ ਵਾਲੇ ਦਾ ਮਖ਼ੌਲ ਉਡਾਂਦੇ ਹਨ। ਸ਼ਰਧਾਂਜਲੀਆਂ ਤੇ ਸਿਫ਼ਤਾਂ ਉਸ ਮਨੁਖ ਦੀਆਂ ਹੋਣੀਆਂ ਚਾਹੀਦੀਆਂ ਹਨ ਜਿਸਨੇ ਦੇਸ਼, ਕੌਮ ਜਾਂ ਸਮਾਜ ਲਈ ਕੋਈ ਵਡੀ ਘਾਲਣਾ ਘਾਲੀ ਹੋਵੇ। ਜਾਂ ਆਪਣੀ ਜ਼ਿੰਦਗੀ ਨਾਮ ਸਿਮਰਨ ਵਿਚ ਬਤੀਤ ਕੀਤੀ ਹੋਵੇ ਤੇ ਉਸ ਦੀ ਸੰਤਾਨ ਉਸ ਦੇ ਪਾਏ ਪੂਰਨਿਆਂ ਤੇ ਚਲ ਕੇ ਆਪਣੇ ਬਜ਼ੁਰਗ ਦੀ ਕੀਰਤੀ ਤੇ ਸੋਭਾ ਨੂੰ ਵਧਾ ਰਹੀ ਹੋਵੇ, ਪਰ ਹੋ ਇਸ ਦੇ ਉਲਟ ਰਿਹਾ ਹੈ। ਬਜ਼ੁਰਗ ਮਾਤਾ ਪਿਤਾ ਸੇਵਾ-ਸੰਭਾਲ ਤੇ ਦੇਖ-ਭਾਲ ਨਾ ਹੋਣ ਦੇ ਕਾਰਨ ਦੁਖੀ ਹੋ ਕੇ ਮਰਦੇ ਹਨ। ਮਰਨ ਪਿਛੋਂ ਇਕੱਠ ਕਰ ਕੇ ਉਹਨਾਂ ਦੀ ਸੰਤਾਨ ਆਪਣੀ ਵਡਿਆਈ ਲਈ ਪਰਸਿਧ ਰਾਗੀ, ਗ੍ਰੰਥੀ ਤੇ ਲੀਡਰਾਂ ਨੂੰ ਮੰਗਵਾ ਕੇ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਇਸ ਹਾਲਤ ਨੂੰ ਵੇਖ ਕੇ ਕਬੀਰ ਜੀ ਦਾ ਪਵਿਤਰ ਬਚਨ ਗੁਰਬਾਣੀ ਵਿਚ ਦਰਜ ਹੈ 'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ' ਠੀਕ ਢੁਕਦਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਮ੍ਰਿਤੂ ਹੋ ਚੁਕੇ ਸਬੰਧੀ ਦੀ ਆਤਮਾ ਲਈ ਤੇ ਸੰਸਾਰ-ਯਾਤਰਾ ਦੀਆਂ ਭੁਲਾਂ ਬਖ਼ਸ਼ਾਣ ਲਈ ਵਾਹਿਗੁਰੂ ਦੇ ਦਰ ਤੇ ਅਰਦਾਸ ਕਰਨ ਲਈ ਸਾਧ ਸੰਗਤ ਦੇ ਰੂਪ ਵਿਚ ਬੈਠ ਕੇ ਗੁਰਬਾਣੀ ਦਾ ਪਾਠ ਕੀਰਤਨ ਹੀ ਹੋਵੇ, ਜੋ ਮ੍ਰਿਤੂ ਹੋ ਚੁਕੇ ਪ੍ਰਾਣੀ ਦੀ ਆਤਮਾ ਦੀ ਪਰਲੋਕ ਵਿਚ ਸਹਾਇਤਾ ਕਰ ਸਕੇ।

('ਗੁਰਮਤਿ ਵਿਚਾਰ ਪਤ੍ਰਿਕਾ' 'ਚੋਂ)

---

ਸਿੱਖ ਦੇ ਗਾਤਰੇ ਪਾਈ ਕਿਰਪਾਨ ਮਨੁੱਖਾਂ ਦੀ ਭਲਾਈ ਅਤੇ ਉਹਨਾਂ ਦੀ ਵਿਗੜੇ ਆਦਮੀਆਂ ਤੋਂ ਰੱਖਿਆ ਕਰਨ ਲਈ ਹੈ। ਸਿੱਖ ਨੂੰ ਅੰਮ੍ਰਿਤ ਛਕਾਉਣ ਵੇਲੇ ਇਸ ਜ਼ੁੰਮੇਵਾਰੀ ਦੀ ਚਿਤਾਵਨੀ ਕਰਵਾ ਕੇ ਹੀ ਇਹ ਕਿਰਪਾਨ ਪਾਉਣ ਦੀ ਆਗਿਆ ਦਿੱਤੀ ਜਾਂਦੀ ਹੈ।



www.AKJ.Org

# ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਇਤਿਹਾਸਕ ਦੇਣ

(ਡਾ: ਕਿਰਪਾਲ ਸਿੰਘ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਉਤਰਾਧਿਕਾਰੀ ਚੁਨਣਾ ਇਕ ਬਹੁਤ ਵਿਸ਼ੇਸ਼ ਤੇ ਦੀਰਘ ਦ੍ਰਿਸ਼ਟੀ ਵਾਲਾ ਕਰਤੱਵ ਸੀ। ਗੁਰੂ ਅੰਗਦ ਦੇਵ ਨੂੰ ਗੁਰ-ਗੱਦੀ ਦੇਣ ਦਾ ਭਾਵ ਆਪਣੇ ਸਿੱਖਾਂ ਦੀ ਅਗਵਾਈ ਜਾਰੀ ਰੱਖਣਾ ਸੀ।

ਗੁਰੂ ਅੰਗਦ ਦੇਵ ਜੀ ਦਾ ਪਹਿਲਾਂ ਨਾਂ ਲਹਿਣਾ ਜੀ ਸੀ। ਆਪ ੧੫੦੪ ਈ: ਵਿੱਚ ਭਾਈ ਫੇਰੂ ਦੇ ਘਰ ਪਿੰਡ ਮੱਤੇ ਦੀ ਸਰਾਏ ਵਿੱਚ ਜਨਮੇ। ਪੈਂਤੀ ਸਾਲ ਦੀ ਅਵਸਥਾ ਵਿੱਚ ਗੁਰੂ ਬਣੇ ਤੇ ਤੇਰ੍ਹਾਂ ਸਾਲ ਗੁਰੂ ਨਾਨਕ ਦੇ ਨਾਮ ਲੇਵਾਂ ਦੀ ਅਗਵਾਈ ਕੀਤੀ।

ਗੁਰੂ ਅੰਗਦ ਦੇਵ ਜੀ ਦਾ ਸਭ ਤੋਂ ਵੱਡਾ ਕੰਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸੁਰੱਖਿਅਤ ਕਰਨਾ ਸੀ । ਪੁਰਾਤਨ ਜਨਮ ਸਾਖੀ ਵਿਚ ਲਿਖਿਆ, *"ਤਿਤੁ ਮਹਲਿ ਜੋ ਸ਼ਬਦ ਹੋਆ ਸੋ ਪੋਥੀ ਜ਼ੁਬਾਨਿ ਗੁਰੂ ਅੰਗਦ ਜੋਗ ਮਿਲੀ"।* ਗੁਰੂ ਨਾਨਕ ਦੀ ਬਾਣੀ ਗੁਰੂ ਅੰਗਦ ਨੂੰ ਮਿਲਣ ਦੀ ਪੁਸ਼ਟੀ ਆਸਾ ਜੀ ਦੀ ਵਾਰ ਵਿਚ ਦਿੱਤੇ ਗੁਰੂ ਅੰਗਦ ਜੀ ਦੇ ਸਲੋਕਾਂ ਤੋਂ ਹੁੰਦੀ ਹੈ। ਪਉੜੀਆਂ ਗੁਰੂ ਨਾਨਕ ਸਾਹਿਬ ਦੀਆਂ ਹਨ ਤੇ ਕਿਧਰੇ ਸਲੋਕ ਗੁਰੂ ਅੰਗਦ ਦੇ ਹਨ ਜੋ ਪਉੜੀਆਂ ਦਾ ਭਾਵ ਹੀ ਦਰਸਾਉਂਦੇ ਹਨ। ਜਿਵੇਂ ਕਿ ਆਸਾ ਜੀ ਦੀ ਵਾਰ ਵਿਚ ਬਾਈਵੀਂ ਪਉੜੀ ਤੇ ਸਲੋਕ ਹੈ:

ਸਲੋਕ ਮਹਲਾ ੨॥

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥
(੪੭੪)

ਇਸ ਸਲੋਕ ਦੇ ਨਾਲ ਅਗੇ ਪਉੜੀ ਗੁਰੂ ਨਾਨਕ ਸਾਹਿਬ ਦੀ ਹੈ:

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥ ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥ ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ॥ ਵਜਹੁ ਗਵਾਏ ਅਗਲਾ ਮੂਹੇ ਮੁਹਿ ਪਾਣਾ ਖਾਇ॥ ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥
(੪੭੪)

ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿਪੀ ਦਾ ਪਰਚਾਰ ਕੀਤਾ। ਪੰਜਾਬ ਦੇ ਅੱਡ ਅੱਡ ਇਲਾਕਿਆਂ ਵਿੱਚ ਪ੍ਰਚਲਤ ਲਿਪੀਆਂ ਜਿਵੇਂ ਸ਼ਾਰਦਾ ਲੰਡੇ, ਟਾਕਰੇ ਆਦਿ ਸਨ, ਵਿਚੋਂ ਸਵੱਰ ਤੇ ਵਿਅੰਜਨ ਲਾ ਕੇ ਇਕ ਮੁਕੰਮਲ ਲਿਪੀ ਦੀ ਵਰਤੋਂ ਕੀਤੀ ਤੇ ਇਸ ਦੇ ਪ੍ਰਯੋਗ ਦਾ ਪਰਚਾਰ ਸਿੱਖਾਂ ਵਿੱਚ ਕੀਤਾ। ਕਿਉਂਕਿ ਇਹ ਲਿਪੀ ਪੂਰਨ ਰੂਪ ਵਿਚ ਗੁਰੂ ਅੰਗਦ ਦੇ ਮੁਖ ਤੋਂ ਨਿਕਲੀ ਸੀ ਇਸ ਲਈ ਕੁਝ ਸਮੇਂ ਪਿਛੋਂ ਇਸ ਦਾ ਨਾਂ "ਗੁਰਮੁਖੀ ਪੈ ਗਿਆ।

ਗੁਰੂ ਅੰਗਦ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਨੂੰ ਅਮਲੀ ਰੂਪ ਦਿਤਾ। ਆਪ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਿੱਖ ਧਰਮ ਗ੍ਰਿਹਸਥੀਆਂ ਦਾ ਧਰਮ ਹੈ, ਉਦਾਸੀਆਂ ਸੰਨਿਆਸੀਆਂ ਆਦਿ ਦਾ ਨਹੀਂ। ਗੁਰੂ ਅੰਗਦ ਜੀ ਨੇ ਲੰਗਰ ਦੀ ਪ੍ਰਥਾ ਨੂੰ ਜਾਰੀ ਰਖਿਆ ਜਿਸ ਨਾਲ ਜਾਤ ਪਾਤ ਦੀ ਨਿਖੇਧੀ ਤੇ ਛੂਤ-ਛਾਤ ਦਾ ਖੰਡਨ ਕੀਤਾ। ਗੁਰੂ ਅੰਗਦ ਦੇਵ ਜੀ ਦੇ ਲੰਗਰ ਬਾਰੇ ਬਲਵੰਡ ਨੇ ਇਸ ਤਰ੍ਹਾਂ ਲਿਖਿਆ ਹੈ:

ਲੰਗਰਿ ਦਉਲਤਿ ਵੰਡੀਐ
ਰਸੁ ਅੰਮ੍ਰਿਤ ਖੀਰਿ ਘਿਆਲੀ। (ਪੰਨਾ ੯੬੭)

## ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ੧੪੭੯ ਈਸਵੀ ਪਿੰਡ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਵਿੱਚ ਹੋਇਆ। ੨੪ ਸਾਲ ਦੀ ਉਮਰ ਵਿੱਚ ਆਪ ਦੀ ਸ਼ਾਦੀ ਹੋਈ ਤੇ ਆਪ ਦੇ ਚਾਰ ਬੱਚੇ:- ਮੋਹਨ ਤੇ ਮੋਹਰੀ- ਦੋ ਪੁੱਤਰ ਅਤੇ ਦੋ ਧੀਆਂ- ਬੀਬੀ ਦਾਨੀ ਤੇ ਬੀਬੀ ਭਾਨੀ। ਆਪਣੀ ਪਹਿਲੀ ਉਮਰ ਵਿੱਚ ਅਮਰਦਾਸ ਜੀ ਵੈਸ਼ਨੋ ਦੇਵੀ 'ਤੇ ਜਾਇਆ ਕਰਦੇ ਸਨ। ਇਕਾਹਠ ਸਾਲ ਦੀ ਅਵਸਥਾ ਵਿਚ ਆਪ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤੇ ਬਾਰਾਂ ਸਾਲਾਂ ਦੀ ਸੇਵਾ ਪਿਛੋਂ (੧੫੫੨ ਈਸਵੀ)


www.AKJ.Org

ਸਿੱਖਾਂ ਦੇ ਤੀਸਰੇ ਗੁਰੂ ਬਣੇ। ਆਪ ਨੇ ਬਾਈ ਸਾਲ ਗੁਰਿਆਈ ਕੀਤੀ ਤੇ ੧੫੭੪ ਈਸਵੀ ਵਿੱਚ ਜੋਤੀ-ਜੋਤ ਸਮਾਏ।

ਇੰਦੂਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ ਗੁਰੂ ਅਮਰਦਾਸ ਜੀ ਦੀ ਗੁਰਿਆਈ ਦਾ ਸਮਾਂ ਸਿੱਖਾਂ ਲਈ ਇਕ ਮੋੜ ਦਾ ਸਮਾਂ ਸੀ। ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਦੀ ਅਗਵਾਈ ਥੱਲੇ ਉਦਾਸੀ ਸੰਪਰਦਾ ਦਾ ਵਿਕਾਸ ਹੋ ਰਿਹਾ ਸੀ। ਗੁਰੂ ਅਮਰਦਾਸ ਜੀ ਨੇ ਸਪੱਸ਼ਟ ਤੌਰ ਤੇ ਇਹ ਨਿਰਣਾ ਕਰ ਦਿੱਤਾ ਕਿ ਸਿੱਖ ਧਰਮ ਗ੍ਰਿਹਸਥੀਆਂ ਦਾ ਧਰਮ ਹੈ।

ਗੁਰੂ ਅਮਰਦਾਸ ਜੀ ਜਾਣਦੇ ਸਨ ਕਿ ਸਿੱਖੀ ਧਾਰਨ ਕਰਨ ਵਾਲੇ ਵਿਸ਼ੇਸ਼ ਕਰਕੇ ਹਿੰਦੂ ਸਮਾਜ ਵਿਚੋਂ ਆਉਂਣੇ ਸਨ ਤੇ ਹਿੰਦੂਆਂ ਤੇ ਨਵੇਂ ਧਰਮ ਦਾ ਬਹੁਤੀ ਦੇਰ ਅਸਰ ਨਹੀਂ ਰਹਿ ਸਕਦਾ ਜਿਨਾਂ ਚਿਰ ਉਨ੍ਹਾਂ ਨੂੰ ਪੁਰਾਣੇ ਸਮਾਜਕ ਢਾਂਚੇ ਵਿਚੋਂ ਬਾਹਰ ਨ ਕੱਢਿਆ ਜਾਏ। ਇਸ ਲਈ ਗੁਰੂ ਅਮਰਦਾਸ ਜੀ ਨੇ ਨਵੇਂ ਸਮਾਜ ਦੀਆਂ ਨਵੀਆਂ ਰੀਤਾਂ ਦਾ ਨਿਰਮਾਨ ਕੀਤਾ। ਉਨ੍ਹਾਂ ਉਪਦੇਸ਼ ਦਿਤਾ ਕਿ ਸਿੱਖ ਜਨਮ, ਵਿਆਹ ਤੇ ਮੌਤ ਸਮੇਂ ਹਿੰਦੂ ਰਹੁ-ਰੀਤੀ ਦਾ ਪ੍ਰਯੋਗ ਕਰਨ ਦੀ ਥਾਂ ਗੁਰਬਾਣੀ ਦਾ ਪਾਠ ਕਰਿਆ ਕਰਨ।

ਗੁਰੂ ਅਮਰਦਾਸ ਜੀ ਨੇ ਬਿਆਸ ਦਰਿਆ ਕੰਢੇ ਗੋਇੰਦਵਾਲ ਸਾਹਿਬ ਵਸਾਇਆ ਤੇ ਇਸ ਵਿੱਚ ਬਉਲੀ ਬਣਾਈ। ਇਸ ਬਉਲੀ ਦੇ ਬਨਾਉਣ ਨਾਲ ਸਿੱਖਾਂ ਦਾ ਇਕ ਨਵਾਂ ਤੀਰਥ ਅਸਥਾਨ ਬਣ ਗਿਆ। ਪਹਿਲਾਂ ਸਿੱਖਾਂ ਹਿੰਦੂਆਂ ਦੇ ਤੀਰਥ ਹਰਦੁਆਰ, ਬਨਾਰਸ, ਪਰਿਆਗ ਆਦਿ ਜਾਂਦੇ ਪਰ ਹੁਣ ਸ੍ਰੀ ਗੋਇੰਦਵਾਲ ਦੇ ਦਰਸ਼ਨਾਂ ਨੂੰ ਜਾਣ ਲੱਗ ਪਏ।

ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪ੍ਰਥਾ ਨੂੰ ਬੜੀ ਦ੍ਰਿੜਤਾ ਨਾਲ ਜਾਰੀ ਰਖਿਆ। ਹਰ ਸਿੱਖ ਲਈ ਲੰਗਰ ਵਿਚ ਜਾਣਾ ਜ਼ਰੂਰੀ ਸੀ। ਲੰਗਰ ਵਿਚ ਪ੍ਰਸ਼ਾਦ ਛਕਣ ਦਾ ਭਾਵ ਨੀਚ ਜਾਤ ਤੇ ਉਚੀ ਜਾਤ ਵਾਲੇ ਲੋਕਾਂ ਨਾਲ ਇਕ ਪੰਗਤ ਵਿੱਚ ਬੈਠ ਕੇ ਰੋਟੀ ਖਾਣਾ ਸੀ। ਲੰਗਰ ਵਿੱਚ ਪ੍ਰਸ਼ਾਦ ਛਕਣ ਨਾਲ ਜਾਤ-ਪਾਤ ਦੇ ਭਰਮ ਦੂਰ ਹੁੰਦੇ ਸਨ ਤੇ ਛੂਤ-ਛਾਤ ਦਾ ਵਹਿਮ ਮਿਟਦਾ ਸੀ। ਇਸ ਲਈ ਲੰਗਰ ਸਿੱਖੀ ਪਰਚਾਰ ਦਾ ਇਕ ਵੱਡਾ ਸਾਧਨ ਸੀ। ਆਰਥਕ ਤੌਰ ਤੇ ਵੀ ਰੋਟੀ ਦਾ ਹੀ ਉਨ੍ਹਾਂ ਦਿਨਾਂ ਵਿਚ ਵੱਡਾ ਮਸਲਾ ਸੀ, ਕਪੜੇ ਜਾਂ ਰਹਿਣ ਦੀ ਥਾਂ ਦੀ ਕੋਈ ਵਿਸ਼ੇਸ਼ ਸਮੱਸਿਆ ਨਹੀਂ ਸੀ। ਲੰਗਰ ਨਾਲ ਸਿੱਖੀ ਦਾ ਪਰਚਾਰ ਤੇ ਜਾਤ-ਪਾਤ ਵਿਰੁੱਧ ਨਵੇਂ ਸਮਾਜ ਦਾ ਨਿਰਮਾਣ ਹੁੰਦਾ ਗਿਆ।

ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਅਸਥਾਪਤ ਕੀਤੀਆਂ। ਇਸ ਦਾ ਭਾਵ ਬਾਈ ਪਰਚਾਰਕ ਨੀਅਤ ਕਰਨਾ ਸੀ ਜੋ ਦੂਰ ਦੂਰ ਦੇਸ਼ ਵਿਚ ਜਾ ਕੇ ਸਿੱਖੀ ਦਾ ਪਸਾਰਾ ਕਰਨ। ਸਿੱਖੀ ਪਰਚਾਰ ਲਈ ਇਹ ਜੋ ਬਾਈ ਪਰਚਾਰਕ ਨੀਅਤ ਹੋਏ ਇਨ੍ਹਾਂ ਦੇ ਨਾਂ ਸੁਨਹਿਰੀ ਪੱਤਰੇ ਤੇ ਉਕਰੇ ਹੋਏ ਹੁਣ ਤਕ ਮਿਲਦੇ ਹਨ। ਇਹ ਨਾਮ ਇਸ ਤਰ੍ਹਾਂ ਹਨ:- ਅਲਾਯਾਰ, ਸਚਨ ਸੱਚ, ਸਾਧਾਰਣ, ਸਾਵਣਮਲ, ਸੁਖਣ, ਹੰਦਾਲ, ਕੇਦਾਰੀ, ਖੇਡਾ, ਰੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਈ ਦਾਸ, ਆਣਕ ਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗ ਦਾਸ, ਲਾਲੋ।

ਗੁਰੂ ਅਮਰਦਾਸ ਜੀ ਨੇ ਇਹ ਵੀ ਹੁਕਮ ਦਿੱਤਾ ਕਿ ਸਭ ਸੰਗਤਾਂ ਤਿੰਨ ਸਮਿਆਂ ਤੇ ਵਿਸਾਖੀ, ਦਿਵਾਲੀ ਤੇ ਮਾਘੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਆਇਆ ਕਰਨ। ਇਨ੍ਹਾਂ ਤਿੰਨ ਮੇਲਿਆਂ ਦਾ ਪਰਯੋਜਨ ਇਹ ਸੀ ਕਿ ਸਿੱਖ ਜਦੋਂ ਗੋਇੰਦਵਾਲ ਆਉਣ, ਉਨ੍ਹਾਂ ਦਾ ਤੇ ਗੁਰੂ ਜੀ ਦਾ ਪਰਸਪਰ ਸੰਪਰਕ ਬਣਿਆ ਰਹੇ ਤੇ ਸਿੱਖਾਂ ਦੇ ਸ਼ੰਕੇ ਦੂਰ ਹੁੰਦੇ ਰਹਿਣ। ਇਸ ਤਰ੍ਹਾਂ ਕਰਨ ਨਾਲ ਸਿੱਖਾਂ ਵਿੱਚ ਪਰਸਪਰ ਪਿਆਰ ਤੇ ਏਕਤਾ ਵਿੱਚ ਵਾਧਾ ਹੋਇਆ। ਉਨ੍ਹਾਂ ਨੂੰ ਅਨੁਭਵ ਹੋਣ ਲੱਗਾ ਕਿ ਉਹ ਹਿੰਦੂਆਂ ਤੇ ਮੁਸਲਮਾਨਾਂ ਨਾਲੋਂ ਵੱਖਰੇ ਹਨ, ਉਨ੍ਹਾਂ ਦੇ ਧਰਮ ਅਸਥਾਨ ਵੱਖਰੇ ਹਨ ਤੇ ਉਨ੍ਹਾਂ ਦੇ ਮੇਲੇ ਵੱਖਰੇ ਹਨ।

ਗੁਰੂ ਜੀ ਨੇ ਸਮਾਜਕ ਸੁਧਾਰ ਦਾ ਬੀੜਾ ਚੁਕਿਆ। ਰਾਜਾ ਹਰੀ ਚੰਦ ਹੰਡੂਰ (ਨਵੀਨ ਨਾਲਾਗੜ) ਆਪਣੀਆਂ ਰਾਣੀਆਂ ਸਮੇਤ ਗੋਇੰਦਵਾਲ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਹਰੀ ਚੰਦ ਨਾਲ ਰਾਣੀਆਂ ਤੇ ਹੋਰ ਇਸਤਰੀਆਂ ਨੇ ਪਰਦੇ ਕੀਤੇ ਹੋਏ ਸਨ। ਗੁਰੂ ਜੀ ਨੇ ਹੁਕਮ ਦਿਤਾ ਜਿਸ ਨੇ ਸੰਗਤ ਵਿਚ ਆਉਣਾ ਹੈ ਉਹ ਪਰਦਿਆਂ ਨਾਲ ਨਹੀਂ ਆ ਸਕਦਾ। ਇਸ

(ਬਾਕੀ ਪੰਨਾ ੩੧ ਤੇ ...)



www.AKJ.Org

# ਮਨ ਰੇ ਨਾਮ ਜਪਹੁ ਸੁਖੁ ਹੋਇ

(ਨਰਿੰਦਰ ਕੌਰ ਫੇਰੋਚੇਚੀ)

ਪ੍ਰਮਾਤਮਾ ਦਾ ਨਾਮ ਜਪਿਆ ਜਾਵੇ ਤਾਂ ਕਦੇ ਵੀ ਧੋਖਾ ਦੁੱਖ ਕਲੇਸ਼ ਜਮਾਂ ਦਾ ਡਰ, ਮੌਤ ਦਾ ਡਰ ਨੇੜੇ ਨਹੀਂ ਆਉਂਦਾ। ਪ੍ਰਮਾਤਮਾ ਸੱਚੇ ਪਿਤਾ ਵਾਹਿਗੁਰੂ ਅਕਾਲ ਪੁਰਖ ਸਰਵ ਵਿਆਪਕ ਹੈ। ਪ੍ਰਮਾਤਮਾ ਦਾ ਨਾਮ ਹੀ ਹੈ ਜੋ ਕੁਕਰਮ ਕਰਨ ਤੋਂ ਵਰਜਦਾ ਹੈ ਤੇ ਪ੍ਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਜਿੰਨ੍ਹਾ ਦੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਵਸ ਜਾਂਦਾ ਹੈ। ਉਹ ਤਨ ਮਨ ਧਨ ਸਭ ਗੁਰੂ ਜੀ ਅੱਗੇ ਅਰਪਨ ਕਰ ਦਿੰਦੇ ਹਨ। ਨਾਮ ਦੀ ਸੋਝੀ ਸਤਿਗੁਰੂ ਜੀ ਸੱਚੇ ਪਿਤਾ ਅਕਾਲ ਪੁਰਖ ਦੇ ਨੇੜੇ ਹੋ ਕੇ ਹੁੰਦੀ ਹੈ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥
(ਪੰਨਾ ੭੨)

ਜੇਕਰ ਇਨਸਾਨ ਦੁੱਖ ਭੋਗਦਾ ਹੈ ਜਾਂ ਦੁਖੀ ਰਹਿੰਦਾ ਹੈ। ਉਸ ਦੇ ਦੁੱਖੀ ਹੋਣ ਦਾ ਮੁੱਖ ਕਾਰਨ ਹਉਮੈ ਹੀ ਹੈ। ਗੁਰੂ ਨਾਨਕ ਦੇਵ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ ਕੇ ਸਾਰੇ ਹੀ ਰੋਗਾ ਦਾ ਦਾਰੂ ਨਾਮ ਹੈ। ਸਿਮਰਨ ਹੈ। ਜਿੰਨ੍ਹਾਂ ਨੂੰ ਪ੍ਰਮਾਤਮਾ ਦਾ ਨਾਮ ਸਿਮਰਨ ਦੀ ਤ੍ਰਿਸ਼ਨਾ ਰਹਿੰਦੀ ਹੈ। ਉਨ੍ਹਾਂ ਨੂੰ ਸਾਰੇ ਹੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਹਾਂ ਉਹਨਾਂ ਨੂੰ ਇਕ ਭੁੱਖ ਜ਼ਰੂਰ ਲਗਦੀ ਹੈ। "ਪ੍ਰਮਾਤਮਾ ਦਾ ਨਾਮ ਸਿਮਰਨ ਦੀ" ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ।

ਨਾਮੇ ਰਾਤੇ ਹਉਮੈ ਜਾਇ॥
ਨਾਮਿ ਰਤੇ ਸਚਿ ਰਹੇ ਸਮਾਇ॥
(ਪੰਨਾ ੯੪੧)

ਜਿਹੜੇ ਪ੍ਰਮਾਤਮਾ ਦਾ ਸਿਮਰਨ ਕਰਦੇ ਹਨ। ਉਹ ਦੁੱਖ ਸੁੱਖ ਨੂੰ ਵੀ ਬਰਾਬਰ ਹੀ ਸਮਝਦੇ ਹਨ। ਉਹ ਦੁੱਖਾਂ ਦੀ ਮਾਰ ਨਾਲ ਕਦੇ ਵੀ ਡੋਲਦੇ ਨਹੀਂ ਸਗੋਂ ਸੁਖਾਂ ਨਾਲ ਹੁਲਾਰੇ ਰਹਿੰਦੇ ਹਨ। ਕਿਉਂਕੇ ਉਨ੍ਹਾਂ ਦੇ ਅੰਦਰੋਂ ਹਉਮੈ ਦੀ ਕੰਧ ਡਿੱਗ ਚੁੱਕੀ ਹੁੰਦੀ ਹੈ ਤੇ ਪ੍ਰਮਾਤਮਾ ਦਾ ਨਾਮ ਉਨ੍ਹਾਂ ਦੇ ਹਿਰਦੇ ਵਿਚ ਵਸ ਜਾਂਦਾ ਹੈ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ॥
(ਪੰਨਾ ੧੩੯)

ਸਰੀਰ ਉਤੇ ਜੇਕਰ ਮੈਲ ਚੜ੍ਹ ਜਾਵੇ ਤੇ ਸਾਬਣ ਦੀ ਵਰਤੋਂ ਕਰਕੇ ਉਤਾਰੀ ਜਾਂਦੀ ਹੈ। ਸਰੀਰਕ ਸਫ਼ਾਈ ਰੱਖੀ ਜਾਂਦੀ ਹੈ। ਤਾਂ ਜੋ ਰੋਗ ਬਿਮਾਰੀ ਨਾ ਲਗ ਜਾਵੇ। ਪਰ ਜੇਕਰ ਮਨ ਉਤੇ ਪਾਪਾਂ ਦੀ ਮੈਲ ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਦਾ ਬੋਝ ਪੈ ਜਾਵੇ ਤਾਂ ਅੰਦਰ ਦੀ ਮੈਲ ਕਦੇ ਵੀ ਨਹਾਉਣ ਨਾਲ ਦੂਰ ਨਹੀਂ ਹੁੰਦੀ ਹੈ। ਸਗੋਂ ਪ੍ਰਮਾਤਮਾ ਦਾ ਨਾਮ ਜਪਿਆਂ ਹੀ ਇਹ ਮੈਲ ਲੱਥ ਸਕਦੀ ਹੈ ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ: ਕਿ ਅੰਦਰਲੀ ਮੈਲ ਨੂੰ ਉਤਾਰਨ ਵਾਸਤੇ ਨਾਮ ਜਪਿਆ ਜਾਣਾ ਚਾਹੀਦਾ ਹੈ।

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ ਸਾਹਿਬ)

ਸੰਸਾਰਿਕ ਮਿੱਤਰ ਦੋਸਤ ਭੈਣ ਭਾਈ ਰਿਸ਼ਤੇਦਾਰ ਧੀਆਂ ਪੁੱਤਰ ਸਦਾ ਦੇ ਬੇਲੀ ਸੰਗੀ ਸਾਥੀ ਨਹੀਂ ਹੁੰਦੇ। ਉਹ ਉਨੀ ਦੇਰ ਹੀ ਸਾਥ ਨਿਭਾਉਂਦੇ ਹਨ ਜਿੰਨੀ ਦੇਰ ਜੀਵਨ ਹੁੰਦਾ ਹੈ ਪਰ ਪ੍ਰਮਾਤਮਾ ਦਾ ਨਾਮ ਹੈ ਜੋ ਅੱਗੇ ਵੀ ਸਾਥੀ ਬਣਦਾ ਹੈ। ਨਾਮ ਹੀ ਸਾਰੇ ਸੰਸਾਰ ਨੂੰ [illegible] ਦਿੰਦਾ ਹੈ। ਜਿੰਨ੍ਹਾਂ ਨੇ ਪ੍ਰਮਾਤਮਾ ਦਾ ਨਾਮ ਸਿਮਰਨ ਕੀਤਾ ਹੁੰਦਾ ਹੈ। ਉਹ ਕਦੇ ਵੀ ਮੌਤ ਤੋਂ ਡਰਦੇ ਨਹੀਂ ਹਨ। "ਮੌਤ ਕਦੇ ਵੀ ਉਨਾਂ ਦੀ ਮਾਲਕ ਨਹੀਂ ਬਣਦੀ ਸਗੋਂ ਦਾਸੀ ਬਣੀ ਰਹਿੰਦੀ ਹੈ॥ ਜਮਾਂ ਦਾ ਡਰ, ਨਰਕਾਂ ਵਿਚ ਜਾਣ ਦਾ ਡਰ ਉਨ੍ਹਾਂ ਨੂੰ ਕਦੇ ਵੀ ਨਹੀਂ ਆਉਂਦਾ ਹੈ। ਜਿਵੇਂ ਸਤਿਗੁਰੂ ਜੀ ਫੁਰਮਾਉਂਦੇ ਹਨ


www.AKJ.Org

ਤਿਨਾ ਜਰਾ ਨ ਮਰਣਾ ਨਰਕਿ ਨ ਪਰਣਾ
ਜੋ ਹਰਿ ਨਾਮੁ ਧਿਆਵੈ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ॥
ਮੈ ਏਹਾ ਆਸ ਏਹੋ ਆਧਾਰੁ॥

(ਪੰਨਾ ੨੪)

ਸੰਸਾਰਿਕ ਸੁਖਾਂ ਦੀ ਪ੍ਰਾਪਤੀ ਵਾਸਤੇ ਅਸੀਂ ਦੌੜੇ ਫਿਰਦੇ ਹਾਂ ਤੇ ਹਉਮੈ ਤ੍ਰਿਸ਼ਨਾ ਵਿਚ ਵਿਚਰਦੇ ਹੋਏ ਸੁਖਾਂ ਦੀ ਪ੍ਰਾਪਤੀ ਲਈ ਪੂਰੇ ਯਤਨ ਕਰਦੇ ਹਾਂ।

ਪਰ ਸੁਖਾਂ ਦੀ ਪ੍ਰਾਪਤੀ ਫਿਰ ਵੀ ਨਹੀਂ ਹੁੰਦੀ ਸਤਿਗੁਰੂ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ ਕੇ ਮਨ ਨੂੰ ਸਮਝਣਾ ਚਾਹੀਦਾ ਹੈ ਕਿ ਸੁਖਾਂ ਦੀ ਪ੍ਰਾਪਤੀ ਕੇਵਲ ਨਾਮ ਜਪਿਆਂ ਹੀ ਹੋਣੀ ਹੈ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਮਨ ਰੇ ਨਾਮੁ ਜਪਹੁ ਸੁਖੁ ਹੋਇ॥

ਜਿਹੜੇ ਪ੍ਰਮਾਤਮਾ ਦਾ ਨਾਮ ਜਪਦੇ ਹਨ ਉਨ੍ਹਾਂ ਦੇ ਮੁਖ ਊਜਲ ਹੁੰਦੇ ਹਨ। ਉਨਾਂ ਨੂੰ ਹਰ ਥਾਂ ਹੀ ਇੱਜ਼ਤ ਮਿਲਦੀ ਹੈ। ਉਹ ਸੰਸਾਰ ਵਿਚ ਵਿਚਰਦੇ ਵੀ ਨਿਰਲੇਪ ਰਹਿੰਦੇ ਹਨ। ਜਿਸ ਤਰ੍ਹਾਂ ਕਮਲ ਦਾ ਫੁੱਲ ਚਿੱਕੜ ਵਿਚ ਰਹਿ ਕੇ ਗਲ ਤਕ ਪਾਣੀ ਵਿਚ ਡੁੱਬਿਆਂ ਵੀ ਨਿਰਲੇਪ ਰਹਿੰਦਾ ਹੈ। ਸਤਿਗੁਰੂ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ।

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

(ਜਪੁਜੀ ਸਾਹਿਬ)

ਇਹ ਸਥਿਤੀ ਦੱਸੀ ਹੈ ਨਾਮ ਜਪਣ ਵਾਲਿਆਂ ਦੀ। ਪਰ ਕਈ ਪ੍ਰਮਾਤਮਾ ਦਾ ਨਾਮ ਨਹੀਂ ਜਪਦੇ ਤੇ ਸਦਾ ਦੁਖੀ ਰਹਿੰਦੇ ਹਨ। ਹਉਮੈ ਮੈ ਮੇਰੀ ਵਿਚ ਫਸ ਕੇ ਹੀਰੇ ਜੈਸਾ ਜਨਮ ਗਵਾ ਲੈਂਦੇ ਹਨ। ਆਵਾਗਵਨ ਦੇ ਚੱਕਰਾਂ ਵਿਚ ਭਟਕਦੇ ਰਹਿੰਦੇ ਹਨ। ਥਾਂ ਥਾਂ ਠੋਕਰਾਂ ਖਾਂਦੇ ਹਨ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਜਿਨਿ ਗੁਰਮੁਖਿ ਨਾਮੁ ਨ ਬੂਝਿਆ
ਮਰਿ ਜਨਮੈ ਆਵੈ ਜਾਇ॥

(ਪੰਨਾ ੧੯)

ਪ੍ਰਮਾਤਮਾ ਦਾ ਨਾਮ ਉਹ ਹੀ ਜਪਦੇ ਹਨ। ਜਿੰਨ੍ਹ ਨੂੰ ਸੱਚੇ ਪਿਤਾ ਵਾਹਿਗੁਰੂ ਅਕਾਲ ਪੁਰਖ ਤੇ ਪੂਰਾ ਵਿਸ਼ਵਾਸ਼ ਭਰੋਸਾ ਹੁੰਦਾ ਹੈ। ਜਿੰਨ੍ਹਾ ਨੂੰ ਪ੍ਰਮਾਤਮਾ ਹਰ ਥਾਂ ਸਰਵ ਵਿਆਪਕ ਦਿਖਾਈ ਦਿੰਦਾ ਹੈ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਅੰਤਰਿ ਬਾਹਰਿ ਏਕੋ ਜਾਣੈ
ਤਾ ਹਰਿ ਨਾਮਿ ਲਗੈ ਪਿਆਰੋ॥

(ਸਿਧ ਗੋਸਟਿ ਪੰਨਾ ੯੪੪)

ਨਾਮ ਵੀ ਦ੍ਰਿੜਤਾ ਨਾਲ ਹੀ ਜਪਿਆ ਜਾ ਸਕਦਾ ਹੈ। ਕਈ ਦੁਖ ਵੇਲੇ ਪ੍ਰਮਾਤਮਾ ਨੂੰ ਜਿਆਦਾ ਯਾਦ ਕਰਦੇ ਹਨ। ਉਸ ਪ੍ਰਮਾਤਮਾ ਦਾ ਸਿਮਰਨ ਕਰਦੇ ਹਨ, ਪਰ ਜਦ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਤਾਂ ਫਿਰ ਪਹਿਲੀ ਹੀ ਸਥਿਤੀ ਤੇ ਆ ਜਾਂਦੇ ਹਨ ਨਾਮ ਨੂੰ ਵਿਸਾਰ ਦਿੰਦੇ ਹਨ। ਕਈ ਪ੍ਰਮਾਤਮਾ ਦਾ ਸ਼ੁਕਰਾਨਾ ਕਰ ਦਿੰਦੇ ਹਨ ਕਈ ਇੰਨ੍ਹਾ ਵੀ ਨਹੀਂ ਕਰਦੇ ਹਨ। ਕਈ ਦੁਖੀ ਹੋ ਕੇ ਪ੍ਰਮਾਤਮਾ ਨਾਲ ਨਿਰਾਸ ਹੁੰਦੇ ਹਨ ਤੇ ਹੋਰ ਦੁਖ ਪਾਉਂਦੇ ਹਨ। ਪਰ ਜਿੰਨਾ ਦੀ ਪ੍ਰਮਾਤਮਾ ਨਾਲ ਸੱਚੀ ਪ੍ਰੀਤ ਹੁੰਦੀ ਹੈ। ਉਹ ਦੁਖ ਸੁਖ ਨੂੰ ਬਰਾਬਰ ਸਮਝਦੇ ਹਨ। ਸੁਖ ਵੇਲੇ ਵੀ ਪ੍ਰਮਾਤਮਾ ਦਾ ਨਾਮ ਜਪਦੇ ਹਨ। ਦੁਖ ਵੇਲੇ ਵੀ। ਦੁਖ ਸੁਖ ਨੂੰ ਬਰਾਬਰ ਹੀ ਸਮਝਦੇ ਹਨ। ਤੇ ਚੜਦੀ ਕਲਾ ਵਿਚ ਰਹਿੰਦੇ ਹਨ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫਰਮਾਉਂਦੇ ਹਨ।

ਸੁਖ ਦੁਖ ਸਮਕਰਿ ਨਾਮੁ ਨ ਛੋਡਉ
ਆਪੇ ਬਖਸਿ ਮਿਲਾਵਣਹਾਰਾ॥

(ਪੰਨਾ ੪੧੬)

ਪ੍ਰਮਾਤਮਾ ਅੱਗੇ ਦੋਨੋ ਹੱਥ ਜੋੜ ਕੇ ਨਾਮ ਬਾਣੀ ਦੀ ਦਾਤ ਮੰਗਣੀ ਚਾਹੀਦੀ ਹੈ। ਫਿਰ ਸਾਰੇ ਹੀ ਸੁਖਾਂ ਦੀ ਪ੍ਰਾਪਤੀ ਹੋ ਸਕਦੀ ਹੈ। ਦੁਖ ਕਲੇਸ ਮਿੱਟ ਸਕਦੇ ਹਨ ਤੇ ਪ੍ਰਮਾਤਮਾ ਦਾ ਨਾਮ ਹਿਰਦੇ ਦੇ ਵਿਚ ਵਸ ਸਕਦਾ ਹੈ। ਮਨ ਨੂੰ ਸਮਝ ਆ ਜਾਵੇਗੀ ਕੇ ਨਾਮ ਜਪਿਆ ਹੀ ਸੁਖ ਪ੍ਰਾਪਤ ਹੋ ਸਕਦਾ ਹੈ। ਜਿਵੇਂ ਸਤਿਗੁਰੂ ਜੀ ਗੁਰਬਾਣੀ ਵਿਚ ਫੁਰਮਾਉਂਦੇ ਹਨ।

ਮਨ ਰੇ ਨਾਮੁ ਜਪਹੁ ਸੁਖੁ ਹੋਇ॥

▪▪▪▪▪▪▪


www.AKJ.Org

# ਕੇਸ ਗੁਰੂ ਦੀ ਮੋਹਰ

(ਗੁਰਭੇਜ ਸਿੰਘ ਬਾਦਸ਼ਾਹਪੁਰ)

ਸਿੱਖ ਕੌਮ ਕਿਧਰ ਨੂੰ ਤੁਰ ਪਈ,
ਪਤਿਤ ਪੁਣੇ ਨੇ ਅੱਜ ਜੋਰ ਪਾਇਆ।
ਦਸਵੇਂ ਗੁਰਾਂ ਖਾਲਸਾ ਥਾਪਿਆ ਏ,
ਕਈਆਂ ਭਰਵੱਟੇ ਮੁੰਨਾਉਣ ਤੇ ਜੋਰ ਪਾਇਆ।
ਸਿੱਖਾਂ ਤਾਈਂ ਸਰਦਾਰੀਆਂ ਬਖਸ਼ੀਆਂ ਨੇ,
ਨੌਜਵਾਨਾਂ ਕੇਸ ਕਤਲ ਕਰਵਾਉਣ ਤੇ ਜੋਰ ਪਾਇਆ।

ਕੇਸ ਗੁਰਾਂ ਦੀ ਮੋਹਰ ਭਾਈ,
ਅਸੀਂ ਇਸ ਨੂੰ ਸਾਂਭ ਰੱਖਣਾ ਸੀ।
ਵਿੱਚ ਨਾਲੀਆਂ ਅਸਾਂ ਨੇ ਰੋੜ ਦਿੱਤੇ,
ਪਾਲੇ ਜਿਹੜੇ ਨਾਲ ਮੱਖਣਾ ਸੀ।
ਭੁੱਲ ਗਏ ਗੁਰੂ ਉਪਦੇਸ਼ ਤਾਂਈ
ਗੁਰੂ ਬਿਨਾ ਕਿਸ ਸਾਨੂੰ ਡੱਕਣਾ ਜੀ।

ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਜਾਵੇ,
ਕਰਦੇ ਹਾਂ ਨਿਤ ਅਰਦਾਸ ਅਸੀਂ।
ਨਾਲ ਰੰਬੀਆ ਅਸੀਂ ਚੀਰੇ ਜਾਈਏ,
ਕੀਤੀ 'ਸੀ' ਨਾ ਕਿਸੇ ਪਾਸ ਅਸੀਂ।
ਬੰਦ ਬੰਦ ਕਟਵਾਕੇ ਅਸੀਂ ਲੋਕੋ,
ਖਿੜੇ ਫੁੱਲ, ਵਾਂਗ ਗੁਲਾਬ ਅਸੀਂ।

ਭੁਲੀ ਕੇਸਾ ਬਾਰੇ ਕੌਮ ਸਾਡੀ
ਕੇਸਾਂ ਲਈ ਅਸੀ ਖੋਪਰ ਦਾਨ ਕੀਤੇ।
ਆਲਾ ਸਿੰਘ ਕੇਸ ਕਤਲ ਕਰਾਵਾਏ ਨਾ
ਸਵਾ ਲੱਖ, ਨਾਲ ਬੜੇ ਮਾਣ ਦਿੱਤੇ।
ਭੁਲੜ ਵੀਰ ਕਿਸ ਰਾਹ ਤੁਰੇ,
ਕਿਹੜੀ ਗੱਲ ਤੋਂ ਕੇਸ ਕਤਲ ਕਰਵਾ ਦਿੱਤੇ।

ਕਿੰਨੀ ਚੰਗੀ ਸਾਨੂੰ ਦਾਤ ਬਖਸੀ,
ਉਲਟ ਪਾਸੇ ਕਿਉ ਲਾਉਣ ਲੱਗੇ।
ਸਿੱਖੀ ਤਾਂਈ ਲੁਕਾਈ ਭੁਲ ਬੈਠੀ,
ਦਾੜੀ ਕੇਸ ਕਿਉਂ ਮੁੰਨਾਉਣ ਲੱਗੇ।

ਅੱਜ ਵਿਗਿਆਨੀਆਂ ਨੇ ਵੀ ਸਹੀ ਸਿੱਧ ਕੀਤਾ,
ਕੇਸ ਮਿੱਟੀ ਕਿਉਂ ਰੁਲਾਉਣ ਲੱਗੇ।

ਇਕ ਮੇਮ ਅੰਗਰੇਜ਼ ਕੋਲੋਂ ਪੁਛਿਆ ਸੀ,
ਸਾਰੇ ਸੰਸਾਰ ਵਿੱਚ ਸੋਹਣਾ ਕੋਣ ਲੱਗੇ।
ਅੱਗੋ ਉਸ ਝੱਟ ਜੁਆਬ ਦਿੱਤਾ,
ਉਹ ਸਿੱਖ ਜੋ ਦਾੜ੍ਹੀ ਨਾ ਕੇਸ ਕੱਟੇ।
ਅਗਲਾ ਫਿਰ ਝੱਟ ਸੁਆਲ ਕੀਤਾ,
ਦੁਨੀਆਂ ਵਿੱਚ ਸਭ ਤੋਂ ਭੈੜਾ ਕੌਣ ਦਿਸੇ।
ਫੁਰਤੀ ਨਾਲ ਉਸ ਉਤਰ ਦਿੱਤਾ,
"ਦਾੜ੍ਹੀ ਮੁੰਨਿਆ ਬੇਮੁੱਖ ਗਵਾਰ ਦਿਸੇ।"

ਸਾਡੀ ਕੌਮ ਤਾਈਂ ਲਾਅਨਤਾਂ ਪਾਉਣ ਲੋਕੀਂ,
ਖਾਲਸਾ ਪੰਥ ਕੋਲੋ ਹਰ ਜੁਆਬ ਮੰਗੇ।
ਉਹਨਾਂ ਤਾਈਂ ਝੱਟ ਜੁਆਬ ਦੇਈਏ,
ਸਿੱਖ ਕੌਮ ਸਭ ਦਾ ਧਿਆਨ ਮੰਗੇ।
ਬਾਦਸ਼ਾਹ ਪੁਰੀ 'ਗੁਰਭੇਜ' ਕਰੇ ਬਿਆਨ ਭਾਈ,
ਗੁਰੂ ਪਾਤਸ਼ਾਹ ਕੋਲੋ ਸਿੱਖੀ ਦਾਨ ਮੰਗੇ।

(ਪੰਨਾ ੨੮ ਦਾ ਬਾਕੀ ...)

ਤਰ੍ਹਾਂ ਸਿੱਖਾਂ ਵਿੱਚ ਇਸਤਰੀਆਂ ਦੇ ਪਰਦੇ ਦੇ ਰਿਵਾਜ ਨੂੰ ਦੂਰ ਕੀਤਾ। ਗੁਰੂ ਸਾਹਿਬ ਵੇਲੇ ਇਸਤਰੀਆਂ ਆਪਣੇ ਮੋਏ ਪਤੀ ਨਾਲ ਹੀ ਜਿਉਂਦੀਆਂ ਸੜ ਜਾਂਦੀਆਂ ਸਨ। ਗੁਰੂ ਸਾਹਿਬ ਨੇ ਇਸ ਭੈੜੀ ਰਸਮ ਨੂੰ ਵੀ ਰੋਕਿਆ ਤੇ ਇਸ ਦੇ ਵਿਰੁੱਧ ਆਵਾਜ਼ ਉਠਾਈ। ਗੁਰੂ ਜੀ ਨੇ ਕਿਹਾ:

ਸਲੋਕ ਮ: ੩॥
ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥
ਮ:੩॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥
(ਪੰਨਾ ੭੮੭)


www.AKJ.Org

# ਕੁਦਰਤ

(ਸੁਰਜੀਤ ਸਿੰਘ "ਸਾਜਨ")

ਰੱਬ ਸੂਰਜ ਹੈ। ਧਰਤੀ, ਚੰਨ ਤੇ ਸਿਤਾਰਿਆਂ ਨੂੰ ਵੇਖ ਲਓ
ਰੱਬ ਸੁਆਦ ਹੈ। ਚੌਗਿਰਦੇ ਪਸਰੇ ਨਜ਼ਾਰਿਆਂ ਨੂੰ ਵੇਖ ਲਓ।
ਉਪਰ ਨੀਲਾ ਗਗਨ, ਥੱਲੇ ਨੀਲਾ ਸਾਗਰਾਂ ਦਾ ਪਾਣੀ,
ਕਾਦਰ ਦੀ ਕੁਦਰਤ ਦੇ, ਕੌਤਕੀ, ਇਸ਼ਾਰਿਆਂ ਨੂੰ ਵੇਖ ਲਓ।
ਇਸ ਗਗਨ ਦੇ ਉਪਰ ਹੋਰ ਗਗਨ, ਪਤਾ ਨਹੀਂ ਕਿੰਨੇ ਕੁ ਗਗਨ ਨੇ,
ਸਭ ਖੜੇ ਨੇ ਅਡੋਲ, ਲੋੜਦੇ ਨਹੀਂ ਸਹਾਰਿਆਂ ਨੂੰ, ਵੇਖ ਲਓ।
ਇਹ ਉਸਦੀ ਮਾਇਆ ਹੈ ਮਨੁੱਖ ਕਮਲਾ ਭਲਾ ਕੀ ਜਾਣੇ,
ਵਿਸਮਾਦ ਹੋਣਾ ਸਿਖੋ, ਉਸਦੇ ਵਰਤਾਰਿਆਂ ਨੂੰ ਵੇਖ ਲਓ।
ਕਿਧਰੇ ਅਮੀਰੀ ਦਾ ਸੂਰਜ, ਕਿਧਰੇ ਗੁਰਬਤ ਦਾ ਕੋਹੜ ਹੈ।
ਰੱਬ ਭਾਵੇਂ ਕਿ, ਕਰਦਾ ਹੈ ਪਿਆਰ, ਸਾਰਿਆਂ ਨੂੰ, ਵੇਖ ਲਓ।
ਕੋਈ ਹੁਸਨ ਦਾ ਮੁਜੱਸਮਾਂ ਹੈ, ਕੋਈ ਕਰੂਪਤਾ ਢੋਂਦਾ ਫਿਰੇ;
ਕਿਧਰੇ ਮਹਿਲ ਤੇ ਮੁਨਾਰੇ, ਕਿਧਰੇ ਕੁੱਲੀ ਤੇ ਢਾਰਿਆਂ ਨੂੰ ਵੇਖ ਲਓ।
ਕਿਸੇ ਦੇ ਅੰਗ ਸਲਾਮਤ ਨੇ ਉਹ ਖੁਸ਼ੀ ਖੁਸ਼ੀ ਜੀ ਰਿਹੈ,
ਕੁਝ ਲੂਲੇ ਲੰਗੜੇ, ਅਪਾਹਜਾਂ ਤੇ ਕਰਮਾਂ ਮਾਰਿਆਂ ਨੂੰ ਵੇਖ ਲਓ।
ਕਿਧਰੇ ਸ਼ਾਦੀਆਂ ਨੇ, ਵਾਜੇ ਵਜਦੇ ਨੇ, ਕਿਧਰੇ ਮਾਤਮ ਦੀ ਸਫ਼ ਵਿਛਦੀ ਹੈ,
ਕਿਧਰੇ ਖੁਸ਼ੀਆਂ ਭਰਿਆਂ ਮਾਹੌਲ, ਕਿਧਰੇ ਮਾਤਮੀ ਨਜ਼ਾਰਿਆਂ ਨੂੰ ਵੇਖ ਲਓ।
ਉਮਰ ਦਾ ਕੋਈ ਤਕਾਜਾ ਨਹੀਂ, ਮੌਤ ਕਿਸ ਨੂੰ ਬੁਲਾ ਲਵੇ।
ਇਹ ਹੈ ਗੁਹਝ ਦੀ ਗੱਲ, ਪਰ, ਪਤਾ ਸਾਰਿਆਂ ਨੂੰ ਵੇਖ ਲਓ।
ਇੱਕ ਚਾਕਰੀ ਕਮਾਉਂਦੇ ਨੇ ਅਤੇ ਇਕ ਹਕੂਮਤਾਂ ਚਲਾਉਂਦੇ ਨੇ,
ਅਕਲ ਦੰਗ ਰਹਿ ਜਾਂਦੀ ਹੈ ਉਸਦੇ ਪਸਾਰਿਆਂ ਨੂੰ ਵੇਖ ਲਓ।
ਸਭ ਹਾਰ ਗਈਆਂ ਕਲਮਾਂ, ਉਸਦੀ ਬੇਅੰਤਤਾਂ ਨਹੀਂ ਲਿਖ ਸਕਦੀਆਂ,
ਕਈ ਰੂਪਾਂ 'ਚ ਮੌਜੂਦ, ਉਸਦੇ ਭੰਡਾਰਿਆਂ ਨੂੰ ਵੇਖ ਲਓ।
ਤੇਰੀ ਰਹਿਮਤ ਦੀ ਖਾਤਰ, ਤੇਰੇ ਸੱਚੇ ਦਰ ਤੇ ਆਣ ਡਿੱਗਾ ਹਾਂ,
ਬਖ਼ਸ਼ ਲਓ ਹੁਣ ਤਾਂ "ਸਾਜਨ" ਜਿਹੇ ਵਿਚਾਰਿਆਂ ਨੂੰ ਵੇਖ ਲਓ।

### ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਿਤਨੇਮ ਉਤਸ਼ਾਹਿਤ ਸਕੀਮ

ਹਰ ਸਾਲ ਦੀ ਤਰ੍ਹਾਂ ਇਸ ਸਕੀਮ ਦੇ ਅਧੀਨ ਪ੍ਰਾਇਮਰੀ ਤੋਂ ਲੈ ਕੇ ਕਾਲਜ ਤੱਕ ਦੀ ਵਿਦਿਆ ਪਾ ਰਹੇ ਅੰਮ੍ਰਿਤਧਾਰੀ ਬੱਚਿਆਂ ਦੀ ਪ੍ਰੀਖਿਆ ਦਿੱਲੀ ਵਿਖੇ ਸਾਲਾਨਾ ਸਮਾਗਮ ਦੌਰਾਨ ੨-10-98 ਨੂੰ ਹੋਵੇਗੀ। ਪ੍ਰੀਖਿਆ ਦੇਣ ਦੇ ਚਾਹਵਾਨ ਬੱਚੇ ਲੋੜੀਂਦੇ ਫਾਰਮ : ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ੨੩- ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ ਚੰਗੀ ਤਰ੍ਹਾਂ ਭਰ ਕੇ ਵਾਪਸ ਇਸੇ ਹੀ ਪਤੇ ਤੇ ੨੦ ਸਤੰਬਰ, 1998 ਤੱਕ ਭੇਜ ਦੇਣ।

ਸਕੱਤਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ


www.AKJ.org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਗਸਤ ੯੮)

## ੧੬- ਆਨਮਤ ਕਰਮ ਪਾਖੰਡ ਨਿਖੇਧੀ

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥ ਸੰਤਹੁ ਸਾਗਰੁ ਪਾਰਿ ਉਤਰੀਐ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ॥੧॥ਰਹਾਉ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥ ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥੨॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥੩॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

॥੪॥੩॥੫੦॥ (ਸੂਹੀ ਮ:੫, ਪੰਨਾ ੭੪੭-੪੮)

ਵਿਆਖਿਆ:- ਪਰਸਿਧ ਆਨਮਤਾਂ ਦੇ ਕਰਮ ਧਰਮ ਜਿਤਨੇ ਭੀ ਹਨ, ਸੋ ਸਭਿ ਪਾਖੰਡ ਰੂਪ ਹਨ। ਤਿਨ੍ਹਾਂ ਪਾਖੰਡ ਰੂਪ ਕਰਮਾਂ ਧਰਮਾਂ ਦੇ ਕੀਤਿਆਂ ਕਰਨ-ਹਾਰੇ ਜੀਵਾਂ ਦਾ ਕੱਖ ਨਹੀਂ ਸੰਵਰਨਾ, ਸਗੋਂ ਅਗੇ ਜਾ ਕੇ ਏਹਨਾਂ ਪਾਖੰਡ ਕਰਮਾਂ ਧਰਮਾਂ ਦੇ ਕਰਨਹਾਰਿਆਂ ਉਤੇ ਜਮ ਜਾਗਾਤੀ ਦੀ ਜਗਾਤ (ਜ਼ੁਕਾਤ) ਦੇਣੀ ਪੈਂਦੀ ਹੈ। ਜਮ ਦਾ ਭਾਰਾ ਟੈਕਸ ਲਗਦਾ ਹੈ। ਜਿਸ ਕਰਕੇ ਉਕਤ ਕੀਤੇ ਕਰਮ ਧਰਮ ਸਾਰੇ ਹੀ ਲੁੱਟੇ ਖਸੁੱਟੇ ਜਾਣੇ ਹਨ ਅਤੇ ਜਮ ਦਾ ਡੰਡ ਕਰਾਰਾ ਵਖਰਾ ਸਹਿਣਾ ਪੈਂਦਾ ਹੈ। ਇਹ ਆਨਮਤ ਕਰਮ ਧਰਮ ਕੀਤੇ ਅਗੇ ਜਾ ਕੇ ਉਕੇ ਹੀ ਸਹਾਈ ਨਹੀਂ ਹੁੰਦੇ। ਚਾਹੇ ਸਾਰੀ ਉਮਰ ਹੀ ਕੋਈ ਕਰਮਚਾਰੀ ਧਰਮਚਾਰੀ ਇਹਨਾਂ ਕਰਮਾਂ ਧਰਮਾਂ ਨੂੰ ਕਰਦਾ ਰਹੇ। ਉਸਦਾ ਕਦੇ ਭੀ ਛੁਟਕਾਰਾ ਨਹੀਂ ਹੁੰਦਾ ਜਮ ਜਾਗਾਤ ਤੋਂ, ਜਮ ਦੀ ਡੰਡ ਸਹਾਤ ਤੋਂ। ਛੁਟਕਾਰਾ ਹੁੰਦਾ ਹੈ ਤਾਂ ਕੇਵਲ ਗੁਰਬਾਣੀ ਦੇ ਨਿਰਬਾਣ (ਨਿਰੋਲ) ਕੀਰਤਨ ਕੀਤਿਆਂ। ਗੁਰਬਾਣੀ ਦੇ ਨਿਰਬਾਣ ਕੀਰਤਨ ਦੁਆਰਾ ਵਾਹਿਗੁਰੂ ਕਰਤੇ ਪੁਰਖ ਦਾ ਜਸ ਗਾਇਆਂ ਅਤੇ ਸਿਫਤਿ ਸਾਲਾਹਿਆਂ ਹੁੰਦਾ ਹੈ। ਗੁਰਮਤਿ ਨਾਮ ਸਿਫਤਿ ਸਾਲਾਹੀ ਸਿਮਰਨੁ ਗੁਰਮੁਖਾਂ ਦੀ ਰਸਨਾ ਤੋਂ ਇਕ ਨਿਮਖ ਮਾਤਰ ਕੀਤਾ ਹੋਇਆ ਹੀ ਛੁਟਕਾਰਾ ਨਿਸਤਾਰਾ ਕਰਿ ਦਿੰਦਾ ਹੈ, ਜੋ ਛੁਟਕਾਰਾ ਤੇ ਨਿਸਤਾਰਾ ਸਾਰੀ ਉਮਰ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਨਹੀਂ ਹੁੰਦਾ। ਤਾਂਤੇ ਪਰਮਾਰਥ ਦੇ ਪਾਂਧੀਆਂ, ਗੁਰਮਤਿ ਗੁਰੂ ਘਰ ਦੇ ਉਚ ਆਤਮ ਅਕਾਂਖੀਆਂ, ਸੰਤਾਂ ਭਗਤਾਂ ਨੂੰ ਹੀ ਭਵ ਸਾਗਰ ਤੋਂ ਪਾਰ ਉਤਰਨ ਦਾ ਸੱਚਾ ਈਸ਼ਰੀ, ਈਸ਼ਰ ਰਹਿਮਤੀ ਲਾਈਸੈਂਸ ਮਿਲਿਆ ਹੈ, ਹੋਰ ਕਿਸੇ ਨੂੰ ਨਹੀਂ।

ਹੋਰ ਜਿਸ ਕਿਸੇ ਨੇ ਭੀ ਇਸ ਭਵ-ਸਾਗਰ ਤੋਂ ਤਰਨਾ ਉਧਰਨਾ ਮਨਸੂਬਿਆ ਹੋਵੇ, ਸੋ ਪੁਰਸ਼ ਗੁਰਪ੍ਰਸਾਦੀ ਹੀ ਤਰ ਸਕਦਾ ਹੈ। ਅਤੇ ਗੁਰ ਕਰਤਾਰ ਦੀ ਇਸ ਨਿਸਤਾਰੇ, ਪਾਰ-ਉਤਾਰੇ ਦੀ ਰਹਿਮਤ ਓਸੇ ਤੇ ਨਾਜ਼ਲ ਹੁੰਦੀ ਹੈ ਜੋ ਸੰਤ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਜਨਾਂ ਦੁਆਰਾ ਮਿਲੀ ਗੁਰਦੀਖਿਆ ਮਈ ਬਚਨ (ਗੁਰਮੰਤਰ) ਨੂੰ ਅਭਿਆਸ ਕਰਿ ਕਰਿ ਕਮਾਵੰਦੇ ਹਨ। ਇਸ ਕਲਜੁਗ ਵਿਖੇ ਭਾਵੇਂ ਆਨਮਤੀ ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਅਤੇ ਪੁਰਬੀ ਮਹਾਤਮ ਵਾਲਾ ਮੱਜਨ ਇਸ਼ਨਾਨ ਕੀਤਾ ਜਾਵੇ ਤਾਂ ਭੀ ਓਹਨਾਂ ਮੱਜਨ ਕਰਨਹਾਰਿਆਂ ਮੱਜਨ-ਇਸ਼ਨਾਨੀਆਂ ਦੀ ਮੈਲ ਨਹੀਂ ਲਹਿੰਦੀ। ਮੈਲ ਲਗੀ ਹੀ ਰਹਿੰਦੀ ਹੈ। ਮੱਜਨ ਇਸ਼ਨਾਨ ਕਰਨਹਾਰੇ ਮੈਲ ਭਰੇ ਹੀ ਰਹਿੰਦੇ ਹਨ, ਕਿਉਂਕਿ ਕਲਜੁਗ ਵਿਖੇ ਕਿਸੇ ਆਨਮਤੀ ਤੀਰਥ ਦਾ ਮਹੱਤ ਬਰਕਤੀ ਮਹਾਤਮ ਨਹੀਂ ਰਿਹਾ। ਇਹਨਾਂ ਵਿਚਿ ਨ੍ਹਾਤਿਆਂ ਭੀ ਮੈਲ ਨਹੀਂ ਲਹਿੰਦੀ ਹੈ। ਮੈਲ ਲਹਿੰਦੀ ਹੈ ਤਾਂ ਕਲਜੁਗ ਵਿਖੇ ਗੁਰੂ ਘਰ ਦੀ ਸਾਧ ਸੰਗਤ ਵਿਚਿ ਬੈਠੈ ਹਰਿ ਗੁਣ ਗਾਉਣਹਾਰਿਆਂ ਗੁਰਮੁਖਾਂ ਦੀ ਲਹਿੰਦੀ ਹੈ। ਗੁਰਮੁਖ ਜਨ ਸਾਧ ਸੰਗਤ ਸਰੋਵਰੀ ਹਰਿ ਜਸ ਦਾ ਇਸ਼ਨਾਨ ਕਰਿ ਕਰਿ ਨਿਰਮਲ ਹੋ ਜਾਂਦੇ ਹਨ। ਵਾਹਿਗੁਰੂ ਦਾ ਜਸ ਗਾਉਣਹਾਰਿਆਂ ਨੂੰ ਵਾਹਿਗੁਰੂ ਪਾਰਸ-ਕਲਾ ਵਰਤਾਇ ਕੇ ਆਪਿ ਨਿਰਮਲ ਕਰਿ ਦਿੰਦਾ ਹੈ। ਹੋਰ ਜੋ ਕੋਈ ਆਨਮਤ ਦੇ ਧਰਮ-ਪੁਸਤਕ ਹਨ, ਚਾਰੇ ਬੇਦ ਹਿੰਦੂਆਂ ਦੇ, ਸਾਰੀਆਂ ਮੁਸਲਮਾਨੀ ਮਤ


www.AKJ.Org

ਦੀਆਂ ਕੁਰਾਨ ਆਦਿਕ ਕਿਤਾਬਾਂ, ਹਿੰਦੂ ਮਤ ਦੇ ਰਿਸ਼ੀਆਂ ਮੁਨੀਆਂ ਦੀਆਂ ਸਾਜੀਆਂ (ਰਚੀਆਂ) ਸ਼ਾਸਤਰ ਸਿਮ੍ਰਤੀਆਂ ਆਦਿਕ ਧਰਮ-ਪੁਸਤਕਾਂ ਹਨ, ਇਹਨਾਂ ਦੇ ਪੜ੍ਹਿਆਂ ਤੋਂ ਮੁਕਤੀ ਨਹੀਂ ਹੁੰਦੀ, ਮੁਕਤੀ ਪ੍ਰਾਪਤਿ ਨਹੀਂ ਹੁੰਦੀ। ਗੁਰੂ ਘਰ ਦੇ ਗੁਰਮੁਖਾਂ ਦੀ ਇਕ ਗੁਰਮਤੀ ਜਾਪ ਤੋਂ ਕਲਿਆਣ ਹੋ ਜਾਂਦੀ ਹੈ। ਤਿਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹ ਵਿਚ ਨਿਰਾਲੀ ਹੀ ਸ਼ੋਭਾ ਦਾ ਮਨਸਬ ਮੁਰਾਤਬਾ ਮਿਲਦਾ ਹੈ। ਗੁਰਮੰਤਰ ਦੇ ਇਕ ਲਫਜ਼ੀ ਜਾਪ ਅਭਿਆਸ ਨਾਲਿ ਓਹ ਮੁਕਤੀਸ਼ਰੀ ਮਰਾਤਬਾ ਮਿਲਦਾ ਹੈ, ਗੁਰਮਤਿ ਨਾਮ ਅਭਿਆਸ ਕਰਨਹਾਰੇ ਗੁਰਮੁਖਿ ਅਭਿਆਸੀ ਜਨ ਨੂੰ, ਜੋ ਸਾਰੀ ਉਮਰ ਉਪਰ ਦਸੀਆਂ ਆਨਮਤ ਧਰਮ ਪੁਸਤਕਾਂ ਦੇ ਪੜ੍ਹਨਹਾਰਿਆਂ ਨੂੰ ਨਹੀਂ ਮਿਲਦਾ। ਓਹਨਾਂ ਨੂੰ ਤਾਂ ਮੁਕਤੀ ਉਕੀ ਹੀ ਪ੍ਰਾਪਤਿ ਨਹੀਂ ਹੁੰਦੀ।

ਫੇਰ ਗੁਰਮਤਿ ਨਾਮ ਦੇ ਜਾਪ ਅਭਿਆਸ ਦਾ ਵਾਧਾ ਇਹ ਹੈ ਕਿ ਇਸ ਦਾ (ਗੁਰ ਮੰਤਰ ਦਾ) ਜਾਪ ਅਭਿਆਸ ਦਾ ਅਧਿਕਾਰ ਹਰ ਮੱਤ ਮਤਾਂਤਰੀ ,ਹਰ ਇਕ ਮਜ਼ਹਬ , ਮਿੱਲਤ, ਜ਼ਾਤ ਪਾਤ ਦੇ ਆਦਮੀਆਂ ਲਈ ਖੁਲ੍ਹਾ ਹੈ ਅਤੇ ਇਸ ਦੇ ਸਾਂਝੀਵਾਲ ਹਰਫ਼ਰਦੇ -ਬਸ਼ਰ ਹਨ। ਹਰ ਇਨਸਾਨ ਹੈ, ਭਾਵੇਂ ਜ਼ਾਤ ਪਾਤ ਕਰਕੇ ਸਦਾਉਣ ਵਾਲੇ ਉਚੇ ਨੀਵੇਂ ਕਿਸੇ ਫ਼ਿਰਕੇ ਦਾ ਹੋਵੇ। ਏਥੇ ਊਚ ਨੀਚ ਦਾ ਕੋਈ ਵਿਤਕਰਾ ਨਹੀਂ। ਅਧਿਕਾਰ ਸਭਨਾਂ ਦਾ ਸਾਂਝਾ ਹੈ। ਹਰੇਕ ਮਜ਼ਹਬ ਦਾ, ਹਰੇਕ ਮੱਤ ਦਾ, ਹਰੇਕ ਜ਼ਾਤ ਪਾਤ ਫ਼ਿਰਕੇ ਦਾ ਪ੍ਰਾਣੀ ਇਸ ਗੁਰ-ਮੰਤਰ ਜਾਪ ਅਭਿਆਸ ਤੇ ਉਪਦੇਸ਼ ਦਾ ਪਾਤਰ ਅਧਿਕਾਰੀ ਹੈ। ਕਿਸੇ ਪੁਰਸ਼ ਜ਼ਾਤ ਪਾਤ ਲਈ ਇਹ ਜਾਪ ਮਖ਼ਸੂਸ ਨਹੀਂ, ਜੈਸੇ ਕਿ ਹਿੰਦੂ ਮਤ ਵਿਚਿ ਖਤਰੀ, ਬ੍ਰਾਹਮਣ, ਸ਼ੂਦ ਤੇ ਵੈਸ਼ ਚੌਹਾਂ ਜ਼ਾਤਾਂ ਵਰਨਾਂ ਦਾ ਵਿਤਕਰਾ ਹੈ। ਉਹਨਾਂ ਵਿਚਿ ਵੇਦ-ਮੰਤਰਾਂ ਦੇ ਅਧਿਕਾਰੀ, ਧਰਮ ਸ਼ਾਸਤ੍ਰਾਂ ਦੇ ਪੜ੍ਹਨ ਦੇ ਅਧਿਕਾਰੀ ਖ਼ਾਸ ਖ਼ਾਸ ਜ਼ਾਤ ਵਰਨ ਦੇ ਪੁਰਸ਼ ਹੀ ਗਰਦਾਨੇ ਜਾਂਦੇ ਹਨ। ਸ਼ੂਦਰ ਆਦਿਕ ਉਕੇ ਹੀ ਅਧਿਕਾਰੀ ਨਹੀਂ। ਇਸਤ੍ਰੀ ਜਾਤੀ ਨੂੰ ਭੀ ਸ਼ੂਦਰ ਸਮਝ ਕੇ ਦੁਰਕਾਰਿਆ ਜਾਂਦਾ ਹੈ। ਗੁਰੂ ਘਰ ਦਾ ਗੁਰਮੁਖੀ ਨਾਮੁ ਐਸਾ ਹੈ ਜਿਸ ਨੂੰ ਕੋਈ ਜਪੇ, ਉਸੇ ਦਾ ਉਧਾਰ ਹੋ ਜਾਂਦਾ ਹੈ। ਕਲਜੁਗ ਵਿਖੇ ਉਧਾਰ ਹੀ ਨਾਮ, ਗੁਰਮਤਿ ਨਾਮ ਜਪਿਆਂ ਹੁੰਦਾ ਹੈ। ਅਤੇ ਸਾਰੇ ਪ੍ਰਾਣੀਆਂ ਇਨਸਾਨਾਂ ਦਾਰਦ ਦੀਨਾਂ ਦਾ ਉਧਾਰ ਹੋ ਜਾਂਦਾ ਹੈ, ਪਰ ਗੁਰਸਿਖ ਤੇ ਗੁਰਮੁਖ ਬਣ ਕੇ। ਗੁਰਮੁਖ ਬਣਨ ਦਾ ਗੁਰਸਿਖ ਸਜਣ ਦਾ ਅੰਮ੍ਰਿਤ ਛਕਣ ਦਾ ਅਧਿਕਾਰ ਸਾਰਿਆਂ ਨੂੰ ਹੈ, ਇਨਸਾਨ ਮਾਤਰ ਨੂੰ ਹੈ, ਮਲੇਛ ਚੰਡਾਲਾਂ ਨੂੰ ਭੀ ਹੈ। ਸਭੇ ਹੀ ਅੰਮ੍ਰਿਤ ਬਾਟੇ ਦੇ ਸਾਂਝੀਵਾਲ ਹਨ। ਕੋਈ ਭੀ ਬਾਹਰ ਨਹੀਂ। ਕਿਸੇ ਦਾ ਖ਼ਾਸ ਹੱਕ ਮਖ਼ਸੂਸ ਨਹੀਂ। ਕਿਸੇ ਦਾ ਹੱਕ ਮਹਿਦੂਦ ਤੇ ਮਹਿਫ਼ੂਜ਼ ਨਹੀਂ। ਗੁਰਮਤਿ ਦੇ ਉਪਦੇਸ਼ ਦਾ ਹੱਕ ਸਭ ਵਰਨਾਂ ਆਸ਼੍ਰਮਾਂ, ਮਜ਼ਹਬਾਂ ਮਤਾਂ ਲਈ ਸਾਂਝਾ ਹੈ। ਊਚ ਨੀਚ ਦਾ ਵੰਡ-ਵੰਡੇਵਾਂ ਵਖੇਵਾਂ ਏਥੇ ਉਕਾ ਹੀ ਨਹੀਂ। ਜੋ ਪ੍ਰਾਣੀ ਭੀ ਅੰਮ੍ਰਿਤ ਛਕ ਕੇ ਅਤੇ ਅੰਮ੍ਰਿਤ-ਸਿੰਚਾਰ ਸਮੇਂ ਨਾਮ ਗੁਰਮੰਤ੍ਰੀ ਦੀਖਿਆ ਲੈ ਕੇ ਫੇਰ ਗੁਰਮਤਿ ਨਾਮ ਦੇ ਅਭਿਆਸ ਦੀਆਂ ਅਤੁਟ ਜਾਪ-ਕਮਾਈਆਂ ਕਰ ਲਵੇ, ਉਸ ਦਾ ਉਧਾਰ ਹੋ ਜਾਂਦਾ ਹੈ। ਇਸ ਕਲੀਕਾਲ ਵਿਖੇ ਗੁਰਮਤਿ ਧਰਮ ਧਾਰਨੀਆਂ ਦੀ ਇਹੀ ਵਿਸ਼ੇਸ਼ਤਾ ਹੈ। ਆਨਮਤੀ ਜਾਤ-ਪਾਤੀ ਵਿਤਕਰੇ ਵਾਲੀ ਹੇਚਤਾ ਏਥੇ ਨਹੀਂ। ਅਗਲਾ ਗੁਰਵਾਕ ਭੀ ਆਨਮਤਿ ਕਰਮਾਂ ਦੀ ਨਿਖੇਧੀ ਇਸ ਵਿਧਿ ਕਰਦਾ ਹੈ। ਯਥਾ ਗੁਰਵਾਕ-

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ॥ ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ॥੨॥ ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ॥ ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ॥੩॥

(੪॥੨॥੪੯) (ਸੂਹੀ ਮ:੫, ਪੰਨਾ ੭੪੭)

ਭਾਵ:- ਬੇਦਾਂ ਨੂੰ ਪੜ੍ਹਨਹਾਰੇ ਅਨੇਕਾਂ ਬੇਦ-ਬਕਤੇ ਅਤੇ ਬੇਦ-ਬੇਤੇ ਬ੍ਰਹਮੇ ਹੋ ਗੁਜ਼ਰੇ ਹਨ ਅਤੇ ਬੇਦਾਂ ਦੀਆਂ ਪੜ੍ਹਾਈਆਂ ਪੜ੍ਹਿ ਪੜ੍ਹਿ ਹਾਰ ਗਏ ਹਨ, ਤਿਨ੍ਹਾਂ ਤੋਂ ਤਿਲ ਮਾਤਰ ਭੀ ਕਾਦਰ ਕਰਤੇ ਪੁਰਖ ਦੀ ਕੀਮਤਿ ਨਹੀਂ ਪਾਈ ਗਈ। ਸਾਧਕੀ ਅਤੇ ਅਨੇਕਾਂ ਸਾਧਨਾਂ ਸਾਧਨਹਾਰੇ ਅਤੇ ਸਿਧ ਜੋਗੀ ਵਿਲਕਦੇ ਫਿਰਦੇ ਹਨ। ਤਿਨ੍ਹਾਂ ਤੋਂ ਭੀ ਕੋਈ ਪੂਰੀ ਨਹੀਂ ਪਈ। ਮਾਇਆ ਦੇ ਮੋਹ ਵਿਚਿ ਹੀ ਅਟਕ ਕੇ ਉਲਝ ਗਏ ਅਤੇ ਓਥੇ ਹੀ ਰਹਿ ਗਏ। ਪਰਮਾਰਥ ਦਾ ਪੈਂਡਾ ਦੂਰ ਰਹਿ ਗਿਆ। ਮੰਜ਼ਲ ਅੱਤ ਦੂਰ ਰਹਿ ਗਈ। ਵਿਸ਼ਨੂੰ ਨੇ ਦਸ ਅਉਤਾਰ


www.AKJ.Org

ਧਾਰੇ ਅਤੇ ਰਾਜਸੀ ਪਖ ਵਿਚਿ ਹੋ ਕੇ ਹੀ ਬਥੇਰਾ ਵਰਤਿਆ, ਮਹਾਂਦੇਉ ਅਵਧੂਤ ਹੀ ਬਣਿਆ ਰਿਹਾ। ਮਹਾਂ ਤਿਆਗ ਸੰਨਿਆਸ ਦਾ ਧਾਰਨੀ ਬਣਿਆਂ ਰਿਹਾ। ਭਸਮ ਬਿਭੂਤੀਆਂ ਬਥੇਰੀਆਂ ਲਾ ਥਕਿਆ, ਨਾ ਤਿਸ ਨੇ ਵਾਹਿਗੁਰੂ ਦਾ ਅੰਤ ਪਾਇਆ, ਨਾ ਵਿਸ਼ਨੂੰ ਅਵਤਾਰਾਂ ਰਾਜ ਲੀਲ੍ਹਾ ਵਰਤਾਉਣ-ਹਾਰਿਆਂ ਨੇ ਵਾਹਿਗੁਰੂ ਦਾ ਅੰਤ ਪਾਇਆ। ਇਹਨਾਂ ਦੇ ਕਰਮ ਧਰਮ ਕੀਤੇ ਨਿਸਫਲ ਹੀ ਗਏ। ਇਹਨਾਂ ਦੀ ਕਲਿਆਣ ਨਾ ਹੀ ਹੋਈ, ਅੰਤ ਤਾਂ ਕੀ ਪਾਉਣਾ ਸੀ। ਪਾਖੰਡ ਕਰਮ ਦੀ ਨਿਖੇਧੀ ਅਗਲੇ ਗੁਰ ਪ੍ਰਮਾਣ ਦੀ ਦੂਤੁਕੀ ਇਸ ਤਰ੍ਹਾਂ ਕਰਦੀ ਹੈ-

ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ।। ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ।।੬।।

(੮।।੬।।੯) (ਬਿਲਾਵਲ ਮ: ੪, ਪੰਨਾ੮੩੭)

ਅਨਮਤਿ ਕਿਰਿਆਚਾਰੀ ਕਰਮ ਕਰਿ ਕਰਿ ਬਥੇਰੇ ਪਾਖੰਡ ਕਰਮੇ ਆਨਮਤ ਕਰਮਚਾਰੀਆਂ ਨੇ ਵਧਾਏ, ਵਧ ਤੋਂ ਵਧ ਪਾਖੰਡ ਕਿਰਿਆਚਾਰੀ ਕਰਮ ਕੀਤੇ। ਪ੍ਰੰਤੂ ਮਨ ਕਰਕੇ ਇਹ ਪਾਖੰਡ ਕਰਮ ਹੀ ਰਿਹਾ ਅਤੇ ਪਾਖੰਡ ਕਰਮ ਕਰਨਹਾਰਿਆਂ ਪਾਖੰਡੀਆਂ ਦੇ ਮਨ ਵਿਚਿ ਲੋਭ-ਗ੍ਰਸਿਆ ਕਪਟ ਹੀ ਛਾਇਆ ਰਿਹਾ। ਤਿਸ ਤੋਂ ਪਰਮਾਰਥ ਦੀ ਪ੍ਰਾਪਤੀ ਕੀ ਹੋ ਸਕਣੀ ਸੀ? ਤਸੂ ਭੀ ਨਾ ਹੋਈ। ਕੋਈ ਭੀ ਪਾਖੰਡ ਕਰਮ ਕੀਤਾ ਲੇਖੇ ਨਾ ਪਇਆ। ਜੈਸੇ ਕਿ ਬੇਸਵਾ ਚਾਹੇ ਕਿਤਨੇ ਬਿਭਚਾਰ ਕਮਾ ਲਵੇ, ਤਿਸ ਬਿਭਚਾਰਨ ਦੇ ਪੇਟੋਂ ਜੋ ਪੁਤਰ ਪੈਦਾ ਹੋਵੇਗਾ, ਹਰਾਮੀ ਹੀ ਕਹਾਉਂਦਾ ਹੈ। ਉਸ ਦੇ ਪਿਤਾ ਦਾ ਕੀ ਨਾਮ ਪਊ ਤੇ ਉਹ ਕਿਸ ਦਾ ਸਦਾਊ? ਕਿਸੇ ਦਾ ਭੀ ਨਹੀਂ ਸਦਾਉਂਦਾ। ਤਿਵੇਂ ਹੀ ਆਨਮਤ ਪਾਖੰਡ ਕਰਮ ਕਰਨਹਾਰੇ ਤਿਸ ਬਿਭਚਾਰੀ ਬਾਜ਼ਾਰੀ ਇਸਤ੍ਰੀ ਨਿਆਈਂ ਬਿਭਚਾਰ ਕਰਮ ਹੀ ਕਮਾਉਂਦੇ ਹਨ। ਤਿਨ੍ਹਾਂ ਦੇ ਕਰਮ ਅਜਾਈਂ ਹੀ ਜਾਂਦੇ ਹਨ, ਕਿਸੇ ਲੇਖੇ ਨਹੀਂ ਪੈਂਦੇ। ਕਿਰਿਆਚਾਰ ਪੂਜਾ ਆਦਿਕ ਆਨਮਤ ਕਰਮ ਧਰਮ ਵਧਾ ਵਧਾ ਕੇ ਬਹੁਤ ਬਹੁਤ ਕੀਤੇ, ਪਰ ਮਨ ਵਿਚਿ ਝੂਠਾ ਵਿਖਾਵਾ ਲੋਭ ਅਤੇ ਵਲ ਛਲ ਇਹੋ ਕੰਮ ਹੀ ਰਿਹਾ। ਇਸ ਕਰਕੇ ਇਹ ਕਰਮ ਵਾਹਿਗੁਰੂ, ਨੂੰ ਪ੍ਰਵਾਨ ਨਾ ਹੋਏ। ਨਾਨਾ ਪ੍ਰਕਾਰੀ ਅਨਮਤ ਕਰਮਾਂ ਦੀ ਨਿਖੇਧੀ ਅਗਲੇ ਗੁਰਵਾਕ ਅੰਦਰਿ ਭਲੀ ਭਾਂਤਿ ਕੀਤੀ ਗਈ ਹੈ-

ਅਸੁਮੇਧ ਜਗਨੇ।। ਤੁਲਾ ਪੁਰਖ ਦਾਨੇ, ਪ੍ਰਾਗ ਇਸਨਾਨੇ।।੧।। ਤਉ ਨ ਪੁਜਹਿ ਹਰਿ ਕੀਰਤਿ ਨਾਮਾ।। ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ।।੧।।ਰਹਾਉ।। ਗਇਆ ਪਿੰਡੁ ਭਰਤਾ।। ਬਨਾਰਸਿ ਅਸਿ ਬਸਤਾ।। ਮੁਖਿ ਬੇਦ ਚਤੁਰ ਪੜਤਾ।।੨।। ਸਗਲ ਧਰਮ ਅਛਿਤਾ।। ਗੁਰ ਗਿਆਨ ਇੰਦ੍ਰੀ ਦ੍ਰਿੜਤਾ।। ਖਟੁ ਕਰਮ ਸਹਿਤ ਰਹਤਾ।।੩।। ਸਿਵਾ ਸਕਤਿ ਸੰਬਾਦੰ।। ਮਨ ਛੋਡਿ ਛੋਡਿ ਸਗਲ ਭੇਦੰ।। ਸਿਮਰਿ ਸਿਮਰਿ ਗੋਬਿੰਦੰ।। ਭਜੁ ਨਾਮਾ ਤਰਸਿ ਭਵ ਸਿੰਧੰ।।

(੪।।੧।।) (ਗੋਂਡ ਨਾਮਦੇਉ ਜੀ, ਪੰਨਾ੮੭੩)

ਇਸ ਗੁਰਵਾਕ ਅੰਦਰਿ ਇਹ ਪ੍ਰਤੀਪਾਦਨ ਕੀਤਾ ਗਿਆ ਹੈ ਕਿ ਕਰਮਕਾਰੀ ਯਗ ਦਾਨ, ਨਾਨਾ ਪ੍ਰਕਾਰੀ ਤੀਰਥ ਇਸ਼ਨਾਨ ਤੀਰਥਾਂ ਦੇ ਅਸ਼ਨਾਨ ਦੇ ਪਾਠ ਆਦਿਕ ਆਨਮਤੀ ਕਰਮ ਧਰਮ ਸਭ ਪਾਖੰਡ ਕਿਰਿਆ ਹਨ, ਵਾਹਿਗੁਰੂ ਦਾ ਨਾਮ ਅਤੇ ਸਿਫਤਿ ਸਾਲਾਹੀ ਜਾਪ ਦੇ ਤੁਲ ਤਸੂ ਮਾਤਰ ਭੀ ਨਹੀਂ ਪੁਜਦੇ। ਬੜੇ ਬੜੇ ਯਗ, ਅਸਮੇਧ ਯਗ, ਭਾਵੇਂ ਕੋਈ ਕਿਤਨੇ ਕਰੇ। ਆਪਣੇ ਬ੍ਰੋਬਰ ਤੋਲ ਕੇ ਸੋਨੇ ਦਾ ਦਾਨ ਕਰੇ। ਪ੍ਰਾਗ ਰਾਜ ਤੀਰਥ ਦੇ ਇਸ਼ਨਾਨ ਭਾਵੇਂ ਕਿਤਨੇ ਕਰੇ, ਤਾਂ ਭੀ ਇਹ ਨਾਮ ਸਿਫਤਿ ਸਾਲਾਹ ਦੇ ਤੁਲ ਨਹੀਂ ਪੁਜਦੇ।

ਤਾਂਤੇ ਅਨਮਤੀਆਂ ਦੀ ਰੀਸੇ ਇਹਨਾਂ ਕਰਮਾਂ ਧਰਮਾਂ ਵਿਚਿ ਖੱਚਤ ਹੋਣ ਦੀ ਕੋਈ ਲੋੜ ਨਹੀਂ। ਮਗਰ ਸਿਖਾਂ ਗੁਰਮਤਿ ਦੇ ਜਗਿਆਸੂਆਂ ਲਈ ਆਨਮਤੀਆਂ ਦੀ ਰੀਸ ਕਰਨਾ ਬੜਾ ਹੀ ਮਨਮਤੀ ਕਰਮ ਹੈ, ਜੋ ਗੁਰਮਤਿ ਅੰਦਰਿ ਨਿਖੇਧਿਆ ਗਿਆ ਹੈ। ਤਾਂਤੇ ਗੁਰਸਿਖਾਂ ਨੂੰ ਸਾਰੀਆਂ ਆਨਮਤਾਂ ਤਿਆਗ ਕੇ ਵਾਹਿਗੁਰੂ ਦੇ ਭਜਨ ਵਿਚਿ ਸਾਵਧਾਨ ਹੋ ਕੇ ਡਟ ਜਾਣਾ ਚਾਹੀਦਾ ਹੈ। ਗਯਾ ਜਾ ਕੇ ਪਿਤਰਾਂ ਦੇ ਪਿੰਡ ਭਰਾਉਣੇ; ਕਾਸ਼ੀ (ਬਨਾਰਸ) ਵਿਖੇ ਜਾ ਕੇ 'ਆਸ' ਨਾਮੇ ਨਦੀ ਦੇ ਕਨਾਰੇ ਬਸਣਾ; ਚਾਰੇ ਬੇਦਾਂ ਦਾ ਕੰਠਾਗਰ (ਮੂੰਹ ਜ਼ਬਾਨੀ) ਪਾਠੀ ਹੋਵੇ; ਸਾਰੇ ਕਰਮ ਧਰਮ ਅਦਾ ਕਰਨ ਵਾਲਾ ਹੋਵੇ; ਸਾਰੇ ਮੁਖੀ ਗਿਆਨ ਇੰਦਰਿਆਂ ਨੂੰ ਵਸਿ ਕਰ ਕੇ ਰਖਣ


www.AKJ.Org

ਵਾਲਾ ਹੋਵੇ; ਬੇਦ ਪੜ੍ਹਨਾ ਪੜ੍ਹਾਉਣਾ, ਯਗ ਕਰਨਾ ਕਰਾਉਣਾ; ਦਾਨ ਦੇਣਾ ਲੈਣਾ ਇਹਨਾਂ ਛੇਆ ਕਰਮਾਂ ਦੀ ਪੱਕੀ ਰਹਿਤ ਮਰਯਾਦਾ ਦਾ ਧਾਰਨੀ ਹੋਵੇ; ਸਿਵ ਅਤੇ ਸ਼ਕਤੀ ਦੇ ਸੰਬਾਦ ਚਰਚਿਆਂ ਵਿਚਿ ਲਗਿਆ ਰਹਿੰਦਾ ਹੋਵੇ; ਇਹ ਸਭ ਫੋਕਟ ਕਰਮ ਹਨ। ਇਹਨਾਂ ਪਾਖੰਡ ਪੁਆੜਿਆਂ ਨੂੰ ਛਡ ਕੇ ਗੋਬਿੰਦ ਸਿਮਰਨ ਵਿਚਿ ਤਤਪਰ ਹੋ ਕੇ ਲਗਣਾ ਚਾਹੀਦਾ ਹੈ। ਭਵ-ਸਾਗਰ ਤੋਂ ਤਰਨ ਦਾ ਸੁਖੈਨ ਕਰਮ ਵਾਹਿਗੁਰੂ ਨਾਮ ਦਾ ਭਜਨ ਹੈ।

ਆਨਮਤ ਕਰਮ ਕਾਂਡ ਕਰਨ ਕਰਕੇ ਗੁਰਮਤਿ ਸਹਿਜ ਪਦ ਵਾਲਾ ਪੂਰਨ ਬ੍ਰਹਮ ਗਿਆਨ ਪ੍ਰਾਪਤਿ ਨਹੀਂ ਹੁੰਦਾ ਅਤੇ ਬਿਨਾਂ ਸਹਿਜ ਪਦ ਪ੍ਰਾਪਤਿ ਹੋਏ ਅੰਦਰੋਂ ਸੰਸਾ ਭਰਮ ਨਹੀਂ ਜਾਂਦਾ। ਇਹ ਸੰਸਾ ਭਰਮ ਅਗਿਆਨ ਕਿਸ ਭੀ ਸੰਜਮ ਉਪਾਉ ਯਤਨ ਨਾਲਿ ਨਹੀਂ ਜਾਂਦਾ, ਭਾਵੇਂ ਕਿਤਨੇ ਭੀ ਆਨਮਤ ਕਰਮਾਂ ਨੂੰ ਕਰਿ ਕਰਿ ਹੰਭ ਰਹੇ ਕੋਈ। ਇਸ ਦੁਚਿਤੀ ਅਗਿਆਨ ਭਰਮ ਸੰਸੇ ਕਰਕੇ ਜੀਵਾਂ ਦਾ ਆਤਮਾ ਮਲੀਨ ਰਹਿੰਦਾ ਹੈ, ਕਿਸੇ ਸੰਜਮ ਨਾਲ ਭੀ ਧੋਤਾ ਨਹੀਂ ਜਾਂਦਾ । ਸ਼ਬਦ ਗੁਰਮੰਤਰ ਦੇ ਨਾਲਿ ਅਹਿਨਿਸ ਸੁਰਤੀ ਜੋੜਨ ਕਰਕੇ ਹੀ ਇਹ ਮਲੀਨ ਮਨ ਨਿਰਮਲ ਹੋ ਜਾਂਦਾ ਹੈ ਅਤੇ ਧੋਤਾ ਜਾਂਦਾ ਹੈ। ਸਦਾ ਹੀ ਸ਼ਬਦ ਨਾਲ ਲਗਿਆ ਰਹੇ ਤਾਂ ਇਹ ਬਿਧਿ ਬਣਦੀ ਹੈ। ਗੁਰੂ ਦੀ ਕਿਰਪਾ ਨਾਲਿ ਹੀ ਸਹਿਜ ਪਦ ਉਪਜਦਾ ਹੈ। ਜਿਸ ਦੇ ਉਪਜਣ ਕਰਕੇ ਸਾਰਾ ਹੀ ਸੰਸਾ ਰੋਗ ਚੁਕਿਆ ਜਾਂਦਾ ਹੈ। ਨਹੀਂ ਤਾਂ ਇਹ ਸਮੁਚੇ ਹੀ ਆਨਮਤੀ ਕਰਮ ਸੰਸੇ ਦੇ ਘਰ ਹਨ ਤੇ ਸੰਸਾ ਹੀ ਸੰਸਾ ਉਪਜਾਉਣਹਾਰੇ ਹਨ। ਯਥਾ ਗੁਰਵਾਕ-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨਾ ਜਾਇ॥ ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥ ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥ ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹ ਸਹਸਾ ਇਵ ਜਾਇ॥੧੮॥

(ਰਾਮਕਲੀ ਮ:੩, ਅਨੰਦੁ ਸਾਹਿਬ, ਪੰਨਾ ੯੧੯)

ਜੋਗੀਆਂ ਦੇ ੧੨ ਫ਼ਿਰਕੇ ਹਨ। ਇਹਨਾਂ ੧੨ ਫ਼ਿਰਕਿਆਂ ਵਿਚਿ ਹੀ ਸਾਰੇ ਜੋਗੀ ਭਰਮਦੇ ਤੇ ਭਰਮ ਫਿਰਦੇ ਹਨ ਅਤੇ ਸੰਨਿਆਸੀਆਂ ਦੇ ਦਸ ਫ਼ਿਰਕੇ ਹਨ। ਇਹਨਾਂ ਦਸਾਂ ਫ਼ਿਰਕਿਆਂ ਵਿਚਿ ਸਾਰੇ ਹੀ ਸੰਨਿਆਸੀ ਭਰਮੇ ਭਰਮਾਏ ਫਿਰਦੇ ਹਨ। ਕਿਸੇ ਦੀ ਭੀ ਕਲਿਆਣ ਨਹੀਂ ਹੁੰਦੀ। ਮੋਖ-ਦੁਆਰ ਕਲਿਆਣ ਤਾਂ ਗੁਰੂ ਕੇ ਸ਼ਬਦ ਗੁਰਮੰਤਰ ਦੀ ਕਮਾਈ ਕੀਤਿਆਂ ਹੀ ਮਿਲਦੀ ਹੈ। ਗੁਰ ਸ਼ਬਦ ਕਮਾਈ ਕਰਿ ਕਰਿ ਮਰਿ-ਜੀਵੜਾ ਹੋਇਆ ਹੀ ਇਸ ਗੁਰਮਤਿ ਮੋਖ ਦੁਆਰੇ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ-

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥੩੪॥
(ਰਾਮਕਲੀ ਮ:੧, ਸਿਧ ਗੋਸਟਿ, ਪੰਨਾ ੯੪੧-੪੨)

ਇਹ ਸਿਮਰਤੀਆਂ ਤੇ ਸ਼ਾਸਤਰ ਜੇਹੜੇ ਸਾਜੇ ਗਏ ਹਨ, ਇਹਨਾਂ ਵਿਚਿ ਕੁਝ ਨਹੀਂ ਧਰਿਆ ਪਿਆ। ਇਹਨਾਂ ਵਿਚਿ ਸਿਰਫ ਪਾਪ ਪੁੰਨ ਦੇ ਕਰਮਾਂ ਦੀਆਂ ਗਿੱਟੀਆਂ ਗਣਤ ਗਣੀਆਂ ਹੋਈਆਂ ਹਨ। ਇਹਨਾਂ ਗਣਤਾਂ ਵਿਚੋਂ ਸੋਈ ਨਿਕਲਦਾ ਹੈ ਜਿਸ ਨੂੰ ਸੱਚੇ ਗੁਰਮਤਿ ਗਿਆਨ ਦੀ ਸੂਝਿ ਬੂਝ ਆਪਿ ਗੁਰੂ ਕਰਤਾਰ ਬੁਝਾਉਂਦਾ ਸੁਝਾਉਂਦਾ ਹੈ। ਯਥਾ ਗੁਰਵਾਕ-

ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ॥
ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ॥...੭॥
(ਰਾਮਕਲੀ ਕੀ ਵਾਰ, ਪੰਨਾ ੯੪੯)

ਸੋ ਸ਼ਬਦ ਦੇ ਦ੍ਰਿੜ੍ਹ ਹੋਇਆਂ ਹੀ ਸੱਚੀ ਪਤੀਜ ਆਉਂਦੀ ਹੈ। ਗੁਰਮਤਿ ਤੋਂ ਘੁਥੇ ਹੋਏ ਅਤੇ ਆਪੋਂ ਬਣ ਬੈਠੇ ਅਗਿਆਨੀ ਅੰਧਲੇ ਗੁਰੂਆਂ ਦੇ ਚੇਲੇ ਭੀ ਅਗਿਆਨੀ ਅੰਧਲੇ ਹਨ। ਉਹ ਕਰਮ ਭੀ ਅੰਧਲੇ ਅੰਧ-ਅਗਿਆਨੀਆਂ ਵਾਲੇ ਕਰਦੇ ਹਨ। ਗੁਰੂ ਦੇ ਭਾਣੇ ਦਾ ਉਹਨਾਂ ਨੂੰ ਗਿਆਨ ਹੀ ਨਹੀਂ ਉਹ ਆਪਣੇ ਭਾਣੇ ਹੀ ਆਪ ਹੁਦਰੇ ਚਲਦੇ ਹਨ ਅਤੇ ਆਪ ਹੁਦਰੇ ਕਰਮ ਕਰਦੇ ਹਨ। ਤੇ ਏਹਨਾਂ ਆਪ ਹੁਦਰੇ ਕਰਮਾਂ ਦੇ ਕਰਨ ਕਰਿ ਓਹ ਬੜੇ ਬੜੇ ਕਰਮੀ ਹੋਣ ਦੀਆਂ ਗੱਪਾਂ ਮਾਰਦੇ ਹਨ। ਨਿਰਾ ਝੂਠ ਬੋਲਣ ਤੇ ਹੀ ਉਹਨਾਂ ਨੇ ਲੱਕ ਬੰਨ੍ਹਿਆਂ ਹੋਇਆ ਹੁੰਦਾ ਹੈ। ਕੂੜ ਕੁਸਤਿ ਹੀ ਕਮਾਉਂਦੇ ਹਨ, ਕਰਨੀ ਵਾਲਿਆਂ ਦੀ ਨਿੰਦਿਆਂ ਕਰਦੇ ਰਜਦੇ ਨਹੀਂ। ਇਸ ਪਰ-ਨਿੰਦਿਆਂ ਦੇ


www.AKJ.Org

ਕਾਰਨ ਉਹ ਆਪ ਭੀ ਡੁਬ ਜਾਂਦੇ ਹਨ। ਉਹਨਾਂ ਵਿਚਾਰਿਆਂ ਦੇ ਕਰਮਾਂ ਵਿਚਿ ਪਰਾਈ ਨਿੰਦਿਆ ਹੀ ਲਿਖੀ ਹੋਈ ਹੁੰਦੀ ਹੈ। ਜਿਵੇਂ ਕੂਰ ਕਰਮ ਦਾ ਫਲ ਭੁਗਤਦੇ ਹਨ ਕਿ ਉਹਨਾਂ ਦੀ ਰੁਚੀ ਪਰ-ਨਿੰਦਿਆਂ ਤੇ ਕੁਕਰਮਾਂ ਵਿਚਿ ਹੀ ਲਗੀ ਰਹਿੰਦੀ ਹੈ। ਧੁਰੋਂ ਲਾਈ ਹੋਈ ਲਗਦੀ ਹੈ, ਕਰਮ ਰਜ਼ਾਈਂ ਗਤੀ ਹੀ ਓਹਨਾਂ ਦੀ ਐਸੀ ਹੁੰਦੀ ਹੈ-

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥ ਓਇ ਭਾਣੈ ਚਲਨਿ ਆਪਣੈ ਨਿਤਿ ਝੂਠੋ ਝੂਠ ਬੋਲੇਨਿ॥ ਕੂੜੁ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥ ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥੨॥੧੦॥

(ਰਾਮਕਲੀ ਕੀ ਵਾਰ ਮ:੩, ਪੰਨਾ ੯੫੧)

ਅਗਲੇ ਗੁਰਵਾਕ ਅੰਦਰਿ ਵਰਣਿਤ ਹੈ ਕਿ ਨਿਤ ਕਰਮ-ਕਾਂਡੀਆਂ ਅਮਲਾਂ ਤੋਂ ਸਖਣੇ ਪੰਡਿਤਾਂ, ਸੰਕਲਪਾਂ ਵਿਕਲਪਾਂ ਵਾਲੇ ਡਿੰਭੀ ਸੰਸਾਰੀਆਂ, ਮਾਇਆ ਕਾਰਨ ਧਾਵਨ ਵਾਲੇ ਉਦਾਸੀਆਂ, ਸੰਨਿਆਸੀਆਂ ਅਤੇ ਤਪੀਆਂ, ਆਪਣੇ ਜਤ ਸਤ ਉਤੇ ਗੁਮਾਨ ਕਰਨ ਵਾਲੇ ਬ੍ਰਹਮਚਾਰੀਆਂ, ਕ੍ਰੋਧਵਾਨ ਤਿਆਗੀਆਂ ਅਤੇ ਰੋਟੀਆਂ ਕਾਰਨ ਤਾਲ ਪੂਰਨਹਾਰੇ ਪੇਟ ਪਾਲਣ ਹਿਤ ਨਚਣ ਟਪਣ ਵਾਲੇ ਭਗਤੀਆਂ ਦੀ ਕਮਾਈ ਖ਼ਾਲੀ ਜਾਂਦੀ ਹੈ। ਇਹਨਾਂ ਪਾਖੰਡ-ਕਿਰਿਆਂ ਦੀ ਕਰਮ-ਕਰਤੂਤ ਦਾ ਕਰਨਾ ਮਿਥਿਆ ਹੈ। ਯਥਾ ਗੁਰਵਾਕ-

ਬੇਦੁ ਪੁਕਾਰੈ ਮੁਖ ਤੇ ਪੰਡਿਤ ਕਾਮਾਮਨ ਕਾ ਮਾਠਾ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥ ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ॥੧॥ ਜੀਅ ਕੀ ਕੈ ਪਹਿ ਬਾਤ ਕਹਾ॥ ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਾਹਾ॥੧॥ਰਹਾਉ॥ ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥ ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥ ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥੨॥ ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ॥ ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ॥ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ॥੩॥ ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ॥ ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ॥ ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ॥੪॥ ਮੇਰਾ ਅੰਤਰਜਾਮੀ ਹਰਿ ਰਾਇਆ॥ ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮ ਬਿਸਰਿ ਗਏ ਬਕਬਾਇਆ॥॥੧॥ ਰਹਾਉ ਦੂਜਾ॥੬॥੧੫॥

(ਮਾਰੂ ਮ:੫, ਪੰਨਾ ੧੦੦੩)

ਵਿਆਖਿਆ- ਬੇਦ ਪਾਠੀ ਪੰਡਤ ਮੁੱਖੋਂ ਤਾਂ ਬੇਦ ਪੜ੍ਹਦਾ ਹੈ, ਬੇਦ ਮੰਤਰਾਂ ਦੀਆਂ ਰਿਚਾਂ ਉਚੀਆਂ ਉਚੀਆਂ ਸੁਰਾਂ ਧੁਨੀਆਂ ਨਾਲਿ ਪੁਕਾਰਦਾ ਹੈ ਕਿ ਮਨ ਦੀ ਕਾਮਨਾ ਨੂੰ ਮੁਖ ਰਖ ਕੇ ਕਿਸੇ ਮਾਇਆਵੀ ਮਨੋਰਥ ਨੂੰ ਯਾ ਮਾਇਆ ਨੂੰ ਹੀ ਪ੍ਰਾਪਤ ਕਰਨ ਲਈ। ਮਤਲਬ ਸਿਧੀ ਦੇ ਗੁਲਛਰੇ ਉਡਾਉਣ ਲਈ। ਹਿਰਦੇ ਵਿਚਿ ਤਾਂ ਕਿਸੇ ਕਲਪਣਾ (ਸੰਕਲਪ ਵਿਕਲਪ) ਦੀ ਗੰਢ ਬਝੀ ਹੋਈ ਹੈ, ਫੁਰਨੇ ਤੇ ਫੁਰਨੇ ਉਪਜ ਰਹੇ ਹਨ, ਪਰ ਦਿਖਾਵੇ ਮਾਤਰ ਬਗਲ-ਸਮਾਧੀ ਲਾ ਕੇ ਇਕਾਂਤ ਵਿਚਿ ਏਕਾਂਤੀ ਮੋਨਧਾਰੀ ਹੋ ਕੇ ਬਹਿ ਜਾਂਦਾ ਹੈ। ਅੰਦਰ ਦੀ ਕਲਪਨਾ ਤਾਂ ਮਿਟਦੀ ਨਹੀਂ, ਕਿਸੇ ਖਿਨ ਭੀ। ਤਾਂ ਏਹਨਾਂ ਮੋਨ-ਸਾਧਨੀਆਂ ਬਗਲ-ਸਮਾਧੀਆਂ ਦਾ ਕੀ ਅਰਥ? ਐਵੇਂ ਬੇਫ਼ਾਇਦਾ ਹੀ ਹਨ। ਉਦਾਸੀ ਭੇਖ-ਧਾਰ ਕੇ, ਘਰ ਬਾਰ ਨੂੰ ਤਜ ਕੇ ਜੇਹੜੇ ਘਰੋਂ ਬਾਹਰ ਨਸੇ ਫਿਰਦੇ ਹਨ, ਨਸਿਆਂ ਭਜਿਆਂ ਘਰ ਬਾਰ ਦੀਆਂ ਕੁਟੰਬੀ ਆਸਾਂ ਤ੍ਰਿਸ਼ਨਾਵਾਂ ਛੁਟਦੀਆਂ ਨਹੀਂ। ਐਸਾ ਉਦਾਸ ਭੀ ਨਿਰਾ ਪਾਖੰਡ ਹੀ ਹੋਇਆ। ਪਰਮਾਰਥ ਦੇ ਮੁਤਲਾਸ਼ੀ ਦੀ ਕਿਸੇ ਭੀ ਭੇਖਧਾਰੀ ਪਾਸੋਂ ਨਿਸ਼ਾ ਨਹੀਂ ਹੋ ਸਕਦੀ। ਉਹ ਆਪਣੇ ਦਿਲ ਦੇ ਮਰਮ ਨੂੰ ਆਖੇ ਤਾਂ ਕੀਹਦੇ ਪਾਸ ਆਖੇ? ਕੋਈ ਮਹਿਰਮ-ਰਾਜ਼ ਨਹੀਂ ਜੋ ਦਿਲ ਦੀਆਂ ਤਰਬਾਂ ਪਛਾਣੇ, ਮਰਜ਼ ਦੀਆਂ ਨਬਜ਼ਾਂ ਨੂੰ ਜਾਣੇ, ਆਪ ਮੁਕਤ ਹੋਵੇ ਤੇ ਖ਼ੁਦ ਵਾਹਿਗੁਰੂ ਨਾਲਿ ਮਿਲਿਆ ਹੋਇਆ ਹੋਵੇ ਅਤੇ ਮੁਤਲਾਸ਼ੀ ਨੂੰ ਮਿਲਾਉਣ ਦੀ ਸਮੱਰਥਾ ਰਖਦਾ ਹੋਵੇ। ਐਸਾ ਜੀਵਨ ਮੁਕਤ ਸੱਚਾ ਸਾਧੂ ਆਨਮਤ ਦੇ ਭੇਖਾਂ ਵਿਚ ਹੀ ਦਿਸਦਾ ਲਭਦਾ। ਢੂੰਡੇ ਤੋਂ ਭੀ ਨਹੀਂ ਲਭਦਾ। ਆਨਮਤਾਂ ਅੰਦਰਿ ਜਿਧਰ ਦੇਖੋ ਪਾਖੰਡ ਹੀ ਪਾਖੰਡ ਹੈ। ਤਪਸੀ ਹੋਣ ਦਾ ਡਿੰਭ ਪਾਖੰਡ ਧਾਰ ਕੇ (ਤਪਸੀ ਹੋਣ ਕਰਿ) ਦੇਹੀ ਬਹੁ ਬਿਧਿ



www.AKJ.Org

ਕਰ ਕੇ ਸਾਧੀ, ਪਰ ਇਸ ਦੇਹੀ ਦੀ ਸਾਧਨਾ ਦੁਆਰਾ ਮਨ ਨਾ ਸਾਧਿਆ ਗਿਆ। ਮਨੁ ਵਸਿ ਹੀ ਨਾ ਆਇਆ, ਦਹਿਦਿਸਿ ਧਾਵੰਦਾ ਹੀ ਰਿਹਾ। ਉਹ ਜਾਤ ਦੀ ਤਪੱਸਿਆ ਹੈ, ਨਿਰੀ ਪਾਖੰਡ ਤਪੱਸਿਆ ਹੀ ਹੋਈ ਨਾ ਬ੍ਰਹਮਚਾਰੀ ਹੋਇ ਕੇ ਪਾਖੰਡ ਬ੍ਰਹਮਚਰਜ ਧਾਰਨ ਕੀਤਾ, ਪਰ ਬਣਿਆ ਕੁਝ ਨਾ। ਹਿਰਦੇ ਅੰਦਰਿ ਬ੍ਰਹਮਚਾਰੀ ਬਣ ਜਾਣ ਦਾ ਅਭਿਮਾਨ ਗੁਮਾਨ ਹੀ ਵਸਿਆ, ਪਰ ਸੌਰਿਆ ਕੁਝ ਭੀ ਨਾ। ਐਸੇ ਪਾਖੰਡ ਬ੍ਰਹਮਚਰਜ ਤੋਂ ਕੀ ਲਾਭ? ਕੁਝ ਭੀ ਨਾ। ਸੰਨਿਆਸ ਭੇਖ ਧਾਰ ਕੇ ਸੰਨਿਆਸੀ ਬਣਿਆ ਅਤੇ ਸੰਨਿਆਸੀ ਬਣ ਕੇ ਤੀਰਥਾਂ ਤੇ ਹੀ ਭਰਮਦਾ ਭਰਮਦਾ ਟਕਰਾਂ ਮਾਰਦਾ ਫਿਰਿਆ। ਸਗੋਂ ਕ੍ਰੋਧ ਬਿਗਾਨਾ ਅੰਦਰਿ ਆ ਵੜਿਆ। ਬਾਹਰ ਦੇ ਭੇਖ ਸੰਨਿਆਸਾਂ ਤੋਂ ਬਾਹਰ ਦਾ ਕ੍ਰੋਧ ਅੰਦਰਿ ਆ ਘੁਸਿਆ। ਆਪ ਲਾਇਆ ਨਹੀਂ ਸੀ, ਆਪ ਨਹੀਂ ਸੀ ਸਹੇੜਿਆ। ਕ੍ਰੋਧ ਨੇ ਬਾਹਰੋਂ ਆ ਦਬਾਇਆ। ਬਿਗਾਨਿਆਂ ਦੇ ਕ੍ਰੋਧ ਦਾ ਅਸਰ ਉਸ ਤੇ ਪੈ ਗਿਆ ਤਾਂ ਇਹ ਕਾਹਦਾ ਸੰਨਿਆਸ ਹੋਇਆ। ਸੱਚਾ ਸਨਿਆਸੀ ਉਹ ਹੈ, ਜਿਸ ਦੁਨੀਆਂ ਦਾ ਕ੍ਰੋਧ ਭੀ ਮਿਟਾਉਣਾ ਸੀ ਅਤੇ ਖ਼ੁਦ ਸ਼ਾਂਤ ਹੋ ਜਾਣਾ ਸੀ। ਅੰਤਰਿ ਸ਼ਾਂਤ ਨਹੀਂ ਆਉਂਦੀ ਬਾਹਰ ਦੇ ਭੇਖ ਸੰਨਿਆਸ ਨਾਲ। ਸਗੋਂ ਅੰਤਰਿ ਤਾਮਸਿ ਆ ਵੜਦੀ ਹੈ ਤੀਰਥਾਂ ਤੇ ਭੁਖਣ ਭਾਣੇ ਘੁੰਮਦਿਆਂ ਫਿਰਦਿਆਂ। ਰੋਟੀਆਂ ਦੇ ਕਾਰਨ ਪੈਰਾਂ ਵਿਚਿ ਘੁੰਗਰੂ ਪਾ ਕੇ ਨਾਚੇ ਟਾਪੇ ਭੇਖ ਵਾਲੇ ਭਗਤੀਏ ਬਣਿ ਬੈਠੇ, ਏਸ ਭੇਖ ਤੋਂ ਭੀ ਕੁਛ ਨਾ ਸਰਿਆ। ਪਰਮਾਰਥ ਤਾਂ ਲਾਂਭੇ ਹੀ ਰਹਿ ਗਿਆ। ਬਰਤ ਨੇਮ ਖਟ ਕਰਮਾਂ ਵਾਲੇ ਬਾਹਰ ਦਿਖਾਵੇ ਦੇ ਭੇਖ ਕਰਿਆਂ ਭੀ ਕੁਛ ਨਾ ਬਣਿਆ। ਪਾਖੰਡ ਹੀ ਪਲੇ ਰਹਿ ਗਿਆ। ਫੇਰ ਗੀਤ ਨਾਦ ਮੁਖੋਂ ਅਲਾਪੇ, ਪਰ ਅੰਦਰਿ ਅੰਦਰਲਾ ਅਲਾਪ ਨਾਮ ਦਾ ਜਾਪ ਨਾ ਛਿੜਿਆ। ਤਾਂ ਐਸੇ ਡਿੰਭ ਰੂਪ ਰਾਗ ਰਾਗਨੀ ਦਾ ਕੀ ਲਾਭ? ਹਰਖ ਸੋਗ ਲੋਭ ਮੋਹ ਤੋਂ ਰਹਿਤ ਅਤੀਤ ਬੈਰਾਗੀ ਸੱਚੜੇ ਸੰਤ ਭਗਤ ਸਿਫਤਿ ਸਾਲਾਹੀ ਗੁਰਮੁਖ ਜਨ ਤਾਂ ਗੁਰੂ ਘਰ ਵਿਖੇ ਉਤਪੰਨ ਹੋਏ ਹਨ। ਏਥੇ ਹੀ, ਏਥੇ ਹੀ ਲਭਦੇ ਹਨ। ਵਾਹਿਗੁਰੂ ਦੀ ਦਇਆ ਮਇਆ ਹੋਵੇ ਤਾਂ ਅਜਿਹੇ ਸੰਤਾਂ ਭਗਤਾਂ ਦੀ ਚਰਨ ਧੂੜੀ ਲਭੇ। ਗੁਰ ਸਤਿਗੁਰ ਪੂਰਾ ਸੂਰਾ ਗੁਰੂ ਨਾਨਕ ਨਿਰੰਕਾਰੀ ਮਿਲੇ ਤਾਂ ਸਾਰੀ ਚਿੰਤਾ ਦੂਰ ਹੁੰਦੀ ਹੈ। ਨਹੀਂ ਤਾਂ ਬਾਹਰ ਦੇ ਆਨਮਤਿ ਪਾਖੰਡ ਭੇਖਾਂ ਦੀ ਪੜਤਾਲ ਕੀਤਿਆਂ ਤਾਂ ਨਿਰੀ ਨਿਰਾਸਤਾ ਹੀ ਨਿਰਾਸਤਾ ਪੱਲੇ ਪੈਂਦੀ ਹੈ। ਅੰਦਰਿ ਦੀਆਂ ਜਾਨਣ ਵਾਲਾ ਪ੍ਰੀਤਮ ਵਾਹਿਗੁਰੂ, ਗੁਰੂ ਮਾਲਕ ਦੀ ਕਿਰਪਾ ਨਾਲਿ ਗੁਰ ਸ਼ਬਦ ਕਮਾਇਆ ਜਾ ਕੇ ਅੰਦਰ ਹੀ ਆ ਮਿਲਦਾ ਹੈ ਤਾਂ ਸਾਰੇ ਹੀ ਬਕਬਾਦੀ ਭੇਖਾਂ ਦੀ ਢੂੰਡ ਪੜਤਾਲ ਵਾਲੀ ਨਿਰਾਸਤਾ ਵਿਸਰ ਜਾਂਦੀ ਹੈ, ਦੂਰ ਹੋ ਜਾਂਦੀ ਹੈ। ਅਗਲੇ ਗੁਰਵਾਕ ਅੰਦਰਿ ਆਨਮਤਿ ਪਾਖੰਡ ਕਰਮ ਦੀ ਖੁਲ੍ਹੀ ਨਿਖੇਧੀ ਹੈ। ਯਥਾ ਗੁਰਵਾਕ-

ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ ਰਹਾਉ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉਕਰਿ ਚੀਨਸਿ ਆਪੈ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥੩॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ॥੪॥ ਮੂੰਡੁ ਮੁੰਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ॥ ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ


www.AKJ.Org

ਉਪਜੀ ਭਾਰੀ॥ ਇਸਤ੍ਰੀ ਤਜਿ ਕਜਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥ ਸਿਖੁ ਕਰੇ ਕਰਿ ਸਬਦੁ ਨ ਚੀਨੈ ਲੰਪਟ ਹੈ ਬਾਜਾਰੀ॥ ਅੰਤਰਿ ਬਿਖੁ ਬਾਹਿਰ ਨਿਭਰਾਤੀ ਤਾ ਜਮੁ ਕਰੇ ਖੁਆਰੀ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥ ਛਾਦਨ ਭੋਜਨ ਕੀ ਆਸ ਨ ਕਰਈ ਅੰਚਿਤੁ ਮਿਲੈ ਸੋ ਪਾਏ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ॥ ਆਸ ਨਿਰਾਸ ਰਹੈ ਸੰਨਿਆਸੀ ਏਕਸ ਸਿਉ ਲਿਵ ਲਾਏ॥੭॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ॥ ਗ੍ਰਿਹੁ ਸਰੀਰੁ ਗੁਰਮਤੀ ਖੋਜੈ ਨਾਮੁ ਪਦਾਰਥੁ ਪਾਏ॥੮॥ ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ॥ ਖਾਣੀ ਬਾਣੀ ਗਗਨ ਪਾਤਾਲੀ ਜੰਤਾ ਜੋਤਿ ਤੁਮਾਰੀ॥ ਸਭਿ ਸੁਖ ਮੁਕਤਿ ਨਾਮੁ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤੁਰ ਤੂ ਤਾਰੀ॥੯॥੭॥

(ਮਾਰੂ ਮ:੧, ਪੰਨਾ੧੦੧੨-੧੩)

ਵਿਆਖਿਆ- ਗੁਰਮਤਿ ਤੋਂ ਹੀਣਾ, ਆਨਮਤਿ ਗ੍ਰਸੀਣਾ ਮਨਮੁਖ ਪਾਖੰਡੀ ਪੁਰਸ਼ ਆਪਣੇ ਮਨ ਦੇ ਕਿਸੇ ਉਬਾਲੇ ਦੇ ਪਿਛੇ ਲਗ ਕੇ ਗਧੇ ਵੈਰਾਗੀ ਦੀ ਹਿੜ-ਬਿਧੀ ਲਹਿਰ ਮਨ ਵਿਚ ਉਠਣ ਕਰਿ ਆਪਣੇ ਘਰ ਨੂੰ ਗ੍ਰਿਹਸਤ-ਆਸ਼ਰਮ ਨੂੰ ਤਜ ਕੇ ਪਿਆ ਵਿਗੁਰਦਾ ਖਜਲ ਖੁਆਰ ਹੋਇਆ ਫਿਰਦਾ ਹੈ ਅਤੇ ਪਰਾਇਆਂ ਘਰਾਂ ਵਲ ਤਕਦਾ ਹੈ। ਗ੍ਰਿਹਸਤ-ਆਸ਼ਰਮ ਦਾ ਨਿਬਾਹੁਣਾ ਜੋ ਉਸ ਦਾ ਧਰਮ ਸੀ, ਉਸ ਨੂੰ ਗੰਵਾ ਲੈਂਦਾ ਹੈ ਅਤੇ ਛਡ ਬਹਿੰਦਾ ਹੈ। ਸੱਚਾ ਸਤਿਗੁਰ ਨ ਭੇਟਣ ਕਰਕੇ ਗੁਰੂ ਘਰ ਦੇ ਗ੍ਰਿਹਸਤ ਦ੍ਰਿੜੰਮੀ ਅਸੂਲਾਂ ਤੋਂ ਹੀਣਾ ਹੋ ਜਾਂਦਾ ਹੈ। ਗ੍ਰਿਹਸਤ ਆਸ਼ਰਮ ਦੇ ਧਰਮ ਦੇ ਮਹੱਤ ਨੂੰ ਨਹੀਂ ਚੀਨਦਾ। ਆਨਮਤ ਗ੍ਰਸੀ ਦੁਰਮਤਿ ਬੁਧੀ ਦੀਆਂ ਘੁੰਮਣ-ਘੇਰੀਆਂ ਵਿਚਿ ਪਿਆ ਰਹਿੰਦਾ ਹੈ। ਅਤੇ ਆਨਮਤ ਭੇਖਾਂ ਵਿਚਿ ਭ੍ਰਮਿ ਭ੍ਰਮਿ ਚੋਟਾਂ ਖਾਂਦਾ ਹੈ। ਦੇਸਾਂ ਪ੍ਰਦੇਸਾਂ ਵਿਚਿ ਭਉਂਦਾ ਫਿਰਦਾ ਹੈ। ਜਿਉਂ ਜਿਉਂ ਭਉਂਦਾ ਹੈ ਤਿਉਂ ਤਿਉਂ ਉਸ ਦੀ ਤ੍ਰਿਸ਼ਨਾ ਹੋਰ ਵਧੇਰੇ ਵਧਦੀ ਜਾਂਦੀ ਹੈ। ਆਨਮਤ ਧਰਮ-ਪੁਸਤਕਾਂ ਦੇ ਬਥੇਰੇ ਪਾਠ ਪੜ੍ਹਿ ਪੜ੍ਹਿ ਥਕ ਰਿਹਾ, ਇਹ ਤ੍ਰਿਸ਼ਨਾ ਮਿਟਦੀ ਨਹੀਂ। ਇਸ ਅਸਥਿਰ ਨਾ ਰਹਿਣ ਵਾਲੇ ਸਰੀਰ ਰੂਪੀ ਕੱਚੇ ਭਾਂਡੇ ਨੂੰ ਭਜਦਿਆਂ ਇਕ ਠੁਣਕਾ ਨਹੀਂ ਲਗਦਾ; ਇਸ ਮਾਨੁਖ ਜਨਮ ਜਾਮੇ ਦਾ ਲਾਹਾ ਲੈ ਲਈਏ। ਇਸ ਲਾਹੇ ਦਾ ਉਸ ਨੂੰ ਖ਼ਿਆਲ ਹੀ ਨਹੀਂ ਉਪਜਦਾ। ਉਪਜੇ ਤਾਂ ਜੇ ਗੁਰ-ਸ਼ਬਦ ਦੀ ਦੀਖਿਆ ਪ੍ਰਾਪਤ ਹੋਵੇ। ਗੁਰ-ਸ਼ਬਦ ਤਾਂ ਚੀਨੇ ਜੇ ਗੁਰੂ ਘਰ ਦਾ ਦੁਆਰਾ ਉਸ ਨੂੰ ਮਿਲਿਆ ਹੋਵੇ, ਮਿਲ ਕੇ ਸੱਚਾ ਸਤਿਗੁਰ ਉਸ ਨੇ ਭੇਟਿਆ ਹੋਵੇ। ਗੁਰ-ਸ਼ਬਦ ਚੀਨੇ ਬਿਨਾਂ ਭੰਬਲ-ਭੂਸੇ ਖਾਂਦਾ ਹੈ। ਪਰਾਏ ਘਰੀਂ, ਆਨਮਤਾਂ ਦੇ ਦਰੀਂ ਟੱਕਰਾਂ ਮਾਰਦਾ ਰਹਿੰਦਾ ਹੈ, ਆਪਣੇ ਕਲਿਆਣ ਨਿਸਤਾਰੇ ਦੀ ਉਸ ਨੂੰ ਸੁਝ ਬੁਝ ਹੀ ਨਹੀਂ ਆਉਂਦੀ। ਢੋਰਾਂ ਪਸੂਆਂ ਵਾਂਗੂੰ ਉਦਰ ਪੂਰਨਾ ਕਰਦਾ ਹੈ, ਢਿਡ ਭਰਨ ਵਿਚਿ ਅਉਧ ਵਿਹਾਜਦੀ ਹੈ। ਪਸ਼ੂ ਦਾ ਤੇ ਉਸ ਮਨਮੁਖੀ ਮਨੁਖ ਦਾ ਕੀ ਫ਼ਰਕ ਹੋਇਆ, ਇਹ ਕੋਈ ਸੰਨਿਆਸ ਹੈ? ਖ਼ਾਕ ਧੂੜ ਪਵੇ ਐਸੇ ਸੰਨਿਆਸ ਉਤੇ। ਸੰਨਿਆਸੀ ਬੜੇ ਤਾਂ ਸੱਚੇ ਸੰਨਿਆਸ ਦੀ ਸੱਚੀ ਰਵਸ਼ ਧਾਰਨ ਕਰੇ, ਸੱਚੀ ਗੁਰਮਤਿ-ਸੰਨਿਆਸ-ਮਤਿ ਉਤੇ ਚਲੇ। ਐਸੀ ਰਵਤ ਰਵੇ ਜੈਸੀ ਅਗੇ ਦਸਦੇ ਹਨ-

"ਗੁਰ ਕੈ ਸਬਦਿ ਏਕ ਲਿਵ ਲਾਗੀ
ਤੇਰੈ ਨਾਮਿ ਰਤੇ ਤ੍ਰਿਪਤਾਸੀ॥"

ਬਸ, ਐਸਾ ਸੰਨਿਆਸੀ ਬਣੇ, ਐਸੀ ਸਚੜੀ ਸੰਨਿਆਸ ਧਾਰਨ ਧਾਰੇ, ਰਵਤ ਰਵਾਏ। ਗੁਰ ਕੇ ਸ਼ਬਦ ਗੁਰਮੰਤਰ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਇਕ ਵਾਹਿਗੁਰੂ ਨਾਲ ਹੀ ਲਿਵ ਲਾਈ ਰਖੇ ਅਤੇ ਹਰ ਦਮ ਹਰ ਨਫ਼ਸ ਵਾਹਿਗੁਰੂ ਨਾਮ ਦੇ ਨਾਲਿ ਹੀ ਰਵਿਆ ਰਹੇ। ਨਾਮ ਰਸ ਵਿਚਿ ਰਤਿਆਂ ਹੀ ਸੱਚਾ ਰੱਜ ਆਉਂਦਾ ਹੈ। ਸੱਚੀ ਤ੍ਰਿਪਤੀ ਹੁੰਦੀ ਹੈ। ਇਸ ਤ੍ਰਿਪਤਾਸੀ ਬਿਰਤ ਉਦਾਸੀ ਬਿਨਾਂ ਸੰਨਿਆਸ ਕੈਸਾ? ਸੰਨਿਆਸੀ ਸਦਵਾ ਹੀ ਨਹੀਂ ਸਕਦਾ। ਭੇਖ ਉਦਾਸੀ ਕਰਿ ਮਹਿਜ਼ ਉਪਰੋਂ ਭੇਖ ਦਾ ਡਿੰਭ ਧਾਰਿਆਂ ਸੱਚਾ ਸੰਨਿਆਸੀ ਨਹੀਂ ਬਣ ਸਕਦਾ। ਜਦ ਤਾਈਂ ਮਨ ਤ੍ਰਿਸ਼ਨਾਲੂ ਹੈ ਘਰਿ ਘਰਿ ਡੋਲਦਾ ਹੈ। ਸੱਚਾ ਵੈਰਾਗ ਤਿਆਗ ਨਹੀਂ ਉਪਜਦਾ, ਤਦ ਤਾਈਂ ਸੰਨਿਆਸ ਦਾ ਸੱਚਾ ਮਾਰਗ ਪ੍ਰਾਪਤਿ ਹੀ ਨਹੀਂ ਹੁੰਦਾ। ਗੁਰਸ਼ਬਦ ਵਿਖੇ ਸੱਚੜੀ ਲਿਵ ਲਗੀ ਬਿਨਾਂ ਤਿਆਗ ਵੈਰਾਗ ਕਿਥੇ? ਸੱਚੜੇ ਸੰਨਿਆਸ ਨਾਮ ਵਿਚ


www.AKJ.Org

ਰਤੇ ਬਿਨਾਂ ਤ੍ਰਿਪਤਾਸ ਕਿਥੇ? ਗੇਰੂ ਘੋਲ ਕੇ ਕਪੜਿਆਂ ਤੇ ਰੰਗ ਚੜ੍ਹਾ ਲਿਆ ਅਤੇ ਗੇਰੂ ਰੰਗੇ ਵਸਤਰ ਪਹਿਨ ਕੇ ਭਖਾਰੀਆਂ ਵਾਲਾ ਭੇਖ ਧਾਰਨ ਕਰਿ ਲਿਆ। ਸੰਨਿਆਸੀ ਭੇਖ ਦਿਖਾਉਣ ਲਈ ਸਾਰੇ ਕਪੜੇ ਫਾੜ ਉਤਾਰ ਕੇ ਇਕੋ ਕਫ਼ਨੀ ਪਹਿਨ ਲਈ ਅਤੇ ਮਾਇਆ-ਧਾਰੀਆਂ ਵਾਂਗੂੰ ਝੋਲੀ ਅਡ ਕੇ ਦਰ-ਬਦਰ ਮੰਗਣ ਚੜ੍ਹ ਪਿਆ। ਘਰਿ ਘਰਿ ਦਾ ਮੰਗਤਾ ਹੋ ਕੇ ਜਗ ਨੂੰ ਪ੍ਰਬੋਧਦਾ (ਉਪਦੇਸ਼ਦਾ) ਫਿਰਦਾ ਹੈ। ਇਹ ਭੇਖ ਸੰਨਿਆਸ ਦੂਜਿਆਂ ਦੀ ਕੀ ਕਲਿਆਣ ਕਰ ਸਕਦਾ ਹੈ? ਭੇਖਧਾਰੀ ਦੀ ਤਾਂ ਉਲਟੀ ਗਤਿ ਬਣਾਉਂਦਾ ਹੈ। ਮਨ ਵਿਚਿ ਤਾਂ ਅਗਿਆਨ ਦਾ ਅੰਧੇਰਾ ਹੀ ਰਹਿੰਦਾ ਹੈ। ਉਸ ਦੀ ਗਤਿ ਪਤਿ ਕਿਥੇ? ਉਸ ਦੀ, ਉਸ ਦੇ ਮਨ ਦੇ ਅੰਧੇ ਦੀ ਏਥੇ ਭੀ ਮਤ ਮਾਰੀ ਗਈ ਅਤੇ ਅਗੇ ਜਾ ਕੇ ਪਤਿ ਹਾਰੀ ਗਈ। ਅਗਿਆਨ ਭਰਮ ਵਿਚਿ ਹੀ ਸਾਰੀ ਉਮੰਰ ਭੁਲਿਆ ਫਿਰਦਾ ਰਿਹਾ। ਬਹੁਤੀ ਸਿਆਣਪ ਚਤਰਾਈ ਨੇ ਉਸ ਨੂੰ ਸੱਚੀ ਕਲਿਆਣ ਦੇ ਦਾਤੇ ਗੁਰਸ਼ਬਦ ਵਲ ਆਉਣ ਹੀ ਨਹੀਂ ਦਿਤਾ, ਨਾ ਹੀ ਉਸ ਨੂੰ ਸ਼ਬਦ ਚੀਨਣ ਦੀ ਸੋਝੀ ਪਈ। ਬਸ ਜੂਏ ਦੀ ਭਰਮ-ਭੁਲਾਉਣੀ ਖੇਡ ਵਿਚਿ ਜਨਮ ਗੰਵਾ ਦਿਤਾ। ਮਨੁਖਾ ਜਨਮ ਦੀ ਬਾਰੀ ਵਾਲੀ ਬਾਜੀ ਹਾਰੀ ਗਈ। ਬਾਜੀ ਹਾਰ ਕੇ ਦੋਹੀਂ ਹਥੀਂ ਖਾਲੀ ਹੀ ਅਗਾਹਾਂ ਨੂੰ ਤੁਰ ਗਿਆ। ਸਾਰੀ ਆਯੂ ਪ੍ਰਜੰਤ ਤ੍ਰਿਸ਼ਨਾ ਦੀ ਅਗਨੀ ਵਿਚਿ ਹੀ ਦਗਧ ਹੁੰਦਾ ਰਿਹਾ। ਮਾਇਆ ਦੀ ਤ੍ਰਿਸ਼ਨਾ ਖ਼ਾਤਰ ਧੂਣੀਆਂ ਰੁਮਾਉਂਦਾ ਰਿਹਾ। ਧੂਣੀਆਂ ਬਥਰੀਆਂ ਤਾਪੀਆਂ, ਪੁੰਤੂ ਇਹ ਤ੍ਰਿਸ਼ਨਾ ਨਾ ਹੀ ਬੁਝੀ। ਸੱਚੇ ਸਤਿਗੁਰੂ ਦੀ ਸ਼ਰਨਿ ਆਇਆਂ ਬਿਨਾਂ ਕਿਵੇਂ ਬੁਝ ਸਕਦੀ ਹੈ ਇਹ ਤ੍ਰਿਸ਼ਨਾ।

ਤਾਂਤੇ ਸਾਰੇ ਹੀ ਇਸ ਸੰਨਿਆਸੀ ਭੇਖ ਵਾਲੇ ਹਜ਼ਾਰਾਂ ਲਖਾਂ ਭੇਖਧਾਰੀ ਨਿਗੁਰੇ ਹੀ ਮਰ ਜਾਣਗੇ ਅਤੇ ਨਿਗਤੇ ਹੀ ਜਾਣਗੇ। ਪੂਰਾਂ ਤੇ ਪੂਰ ਨਿਗੁਰੇ ਨਿਗਤੇ ਹੀ ਮਰ ਗਏ, ਮਰ ਰਹੇ ਹਨ ਅਤੇ ਅਗਾਹਾਂ ਨੂੰ ਮਰਨਗੇ। ਜਦ ਤਾਈਂ ਸਤਿਗੁਰੂ ਦੀ ਸ਼ਰਨ ਨਹੀਂ ਆਉਂਦੇ ਤਦ ਤਾਈ ਚੁਰਾਸੀ ਦੇ ਗੇੜ ਵਿਚ ਪਏ ਹੀ ਚੋਟਾਂ ਖਾਂਦੇ ਮਰਨਗੇ। ਗੁਰੂ ਦਾ ਸਿਖ ਸੇਵਕ ਬਣੇ ਬਿਨਾਂ ਅਤੇ ਗੁਰੂ ਘਰ ਕੇ ਗੁਰੂ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਸੰਤ ਜਨਾਂ ਤੋਂ ਗੁਰਦੀਖਿਆ ਲਏ ਬਿਨਾਂ ਨਾਮ ਦੀਖਿਆ ਨਹੀਂ ਮਿਲਦੀ; ਗੁਰਮੰਤ੍ਰ ਨਾਮ-ਦੀਖਿਆ ਵਾਲੀ ਭਗਤੀ ਨਹੀਂ ਹੁੰਦੀ। ਨਾ ਭਗਤੀ ਦਰਗਾਹੇ ਪ੍ਰਵਾਨ ਪੈਂਦੀ ਹੈ ਅਤੇ ਨਾ ਹੀ ਪਰਮਾਤਮ ਜੋਤਿ ਸਰੂਪ ਆਪਾ ਚੀਨਿਆ ਜਾਂਦਾ ਹੈ। ਆਤਮ ਸਰੂਪ ਦੀ ਸੋਝੀ ਹੀ ਨਹੀਂ ਪੈਂਦੀ। ਸਗੋਂ ਗੁਰੂ ਘਰ ਦੇ ਸੰਵਾਰੇ ਸੁਹਾਗਵੰਤੇ ਗੁਰਮੁਖ ਜਗਿਆਸੂਆਂ, ਸੱਚੇ ਸੰਨਿਆਸੀਆਂ ਨੂੰ ਦੇਖ ਦੇਖ ਕੇ ਭੇਖਧਾਰੀ ਸੰਨਿਆਸੀ ਦੇ ਅੰਦਰਿ ਖਾਤੇ ਈਰਖਾ ਕ੍ਰੋਧ ਦੀ ਅਗਨੀ ਭੜਕ ਉਠਦੀ ਹੈ। ਈਰਖਾ ਦੀ ਅਗਨੀ (ਆਤਸ਼) ਨਾਲਿ ਸੜਿ ਸੜਿ ਮਰਦੇ ਹਨ। ਇਹ ਈਰਖਾ-ਮਈ ਅਗਨੀ ਉਹਨਾਂ ਨੂੰ ਆਪਣੇ ਅੰਤਰਗਤਿ ਲਗੀ ਹੋਈ (ਭੜਕਦੀ ਹੋਈ) ਸਾਫ਼ ਜਾਪਦੀ (ਦਿਖਾਈ ਦਿੰਦੀ) ਹੈ, ਫੇਰ ਭੀ ਗੁਰਮੁਖਾਂ ਦੀ ਨਿੰਦਾ ਕਰਨੋਂ ਨਹੀਂ ਟਲਦੇ। ਏਸ ਈਰਖਾ ਦ੍ਵੈਸ਼ ਕਰਕੇ ਹੀ ਨਿੰਦਿਆ ਕਰਦੇ ਹਨ। ਜਿਵੇਂ ਸਿਧਾਂ ਜੋਗੀਆਂ ਦੀ ਈਰਖਾ-ਅਗਨੀ ਗੁਰੂ ਨਾਨਕ ਸਾਹਿਬ ਨੂੰ ਦੇਖ ਕੇ ਭੜਕੀ ਸੀ ਅਤੇ ਬੁਝਾਈ ਨਹੀਂ ਸੀ ਬੁਝਦੀ। ਆਪਣੇ ਅੰਦਰਿ ਲਗੀ ਅਗਨੀ ਤਾਂ ਬੁਝਾਉਂਦੇ ਨਹੀਂ, ਨਿੰਦਾ ਕਰਿ ਕਰਿ ਈਰਖਾ ਦੀਆਂ ਹਵਾੜਾਂ ਕੱਢਦੇ ਹਨ ਅਤੇ ਨਰਕਾਂ ਦੇ ਭਾਗੀ ਬਣਦੇ ਹਨ, ਨਿੰਦਾ ਕਰਿ ਕਰਿ ਨਰਕ ਨਿਵਾਸੀ ਹੋਣ ਦੀ ਸਜ਼ਾ ਅਗੇ ਜਦੋਂ ਪਾਉਂਦੇ ਹਨ। ਗੁਰਮੁਖਾਂ ਗੁਰੂ ਸਵਾਰਿਆਂ ਦੀ ਨਿੰਦਿਆ ਕੀਤੀ ਹੋਈ ਕਦੇ ਉਤਰਦੀ ਹੀ ਨਹੀਂ। ਪਰ ਭੇਖ ਪਾਖੰਡ ਦੀ ਸੋਧਨਾ ਕਰਨੀ ਹਰਗਿਜ਼ ਨਿੰਦਾ ਨਹੀਂ।

---

ਸਿੰਘ ਕਿਸੇ ਬੁਜ਼ਦਿਲ ਨੂੰ ਕਤਲ ਨਹੀਂ ਕਰਦੇ। ਨ ਹੀ ਕਿਸੇ ਭੱਜੇ ਜਾਂਦੇ ਦੁਸ਼ਮਨ ਦਾ ਰਾਹ ਰੋਕਦੇ ਹਨ। ਕਿਸੇ ਇਸਤਰੀ ਦੇ ਪੈਸੇ ਜਾਂ ਗਹਿਣੇ ਨਹੀਂ ਲੁੱਟਦੇ, ਚਾਹੇ ਉਹ ਅਮੀਰ ਘਰਾਨੇ ਦੀ ਹੈ, ਚਾਹੇ ਉਹ ਕਿਸੇ ਦੇ ਘਰ ਕੰਮ ਕਰਨ ਵਾਲੀ ਗਰੀਬ ਔਰਤ ਹੈ। ਇਹਨਾਂ 'ਭੈੜੇ' ਲੋਕਾਂ ਵਿੱਚ ਕੋਈ ਕਿਸੇ ਇਸਤਰੀ ਦੀ ਇਜ਼ਤ ਨੂੰ ਹੱਥ ਨਹੀਂ ਪਾਉਂਦਾ। ਚਾਹੇ ਕੋਈ ਇਸਤਰੀ ਛੋਟੀ ਉਮਰ ਦੀ, ਜਵਾਨ ਜਾਂ ਵੱਡੀ ਉਮਰ ਦੀ ਹੈ ਉਸ ਨੂੰ 'ਬੁੱਢੀ' (ਬਜ਼ੁਰਗ ਮਾਂ) ਕਹਿੰਦੇ ਹਨ (ਤਾਕਿ ਮਨ ਵਿੱਚ ਮੰਦੀ ਭਾਵਨਾ ਕਿਵੇਂ ਭੀ ਨ ਆਵੇ)। ਇਹਨਾਂ ਲੋਕਾਂ ਵਿੱਚ ਕੋਈ ਚੋਰ ਜਾਂ ਬੇਗਾਨੇ ਘਰਾਂ ਦੇ ਜਿੰਦਰੇ ਤੋੜਨ ਵਾਲਾ (ਚੋਰੀ ਕਰਨ ਵਾਲਾ) ਜੰਮਦਾ ਹੀ ਨਹੀਂ ਹੈ। ਇਹ ਭੈੜੇ ਲੋਕਾਂ ਨਾਲ ਮਿੱਤਰਤਾ ਭੀ ਨਹੀਂ ਰੱਖਦੇ।

(ਜੰਗ ਨਾਮਾ ਕਾਜ਼ੀ ਨੂਰ ਮੁਹੰਮਦ)


www.AKJ.Org

# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-219 30 ਸਾਲਾ ਕੱਦ 5'5'' ਮਿਡਲ ਪਾਸ ਆਪਣਾ ਕੰਮ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-220 32 ਸਾਲਾ ਕੱਦ 5'5'' IGNOU ਦਾ Foundation Course ਪਾਸ ਆਪਣਾ ਕਾਰੋਬਾਰ 6000/-ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-221 24 ਸਾਲਾ ਕੱਦ 5'7'' ਮੈਟ੍ਰਿਕ ਪਾਸ ਆਪਣਾ ਕਾਰੋਬਾਰ 4000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-222 ਸਾਢੇ 21 ਸਾਲਾ ਕੱਦ 5'4'' Textile Disigning ਅਤੇ Computer Application ਦਾ Diploma ਪਾਸ M.Com ਕਰ ਰਹੀ ਬੀਬੀ ਵਾਸਤੇ ਵਰ ਦੀ ਲੋੜ ਹੈ।

LD-223 25 ਸਾਲਾ ਕੱਦ 5'5'', B.A., Bed. ਅਤੇ ਤਿੰਨ ਸਾਲਾ ਸਿਲਾਈ ਕਟਾਈ ਦਾ ਡਿਪਲੋਮਾ ਪਾਸ ਖੱਬੀ ਲੱਤ 2 ਇੰਚ ਛੋਟੀ ਵਾਲੀ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-224 26 ਸਾਲਾ ਕੱਦ 5'5'', ਅੰਡਰ ਗ੍ਰੈਜੂਏਟ. ਕੰਪਿਊਟਰ ਕੋਰਸ ਦੋ ਸਾਲਾ ਸਿੱਖ ਮਿਸ਼ਨਰੀ ਕੋਰਸ ਪਾਸ ਆਪਣੀ ਖੇਤੀ ਬਾੜੀ 10 ਏਕੜ ਜ਼ਮੀਨ ਆਪਣਾ ਕਕਾਰ ਸਪਲਾਈ ਦਾ ਕੰਮ ਮਾਸਿਕ ਆਮਦਨ 2500/-ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ। ਸੰਪਰਕ ਲਈ ਸ: ਮਨਜੀਤ ਸਿੰਘ ਪਿੰਡ ਤੇ ਡਾਕਖਾਨਾ ਚਣਕੋਆ ਜ਼ਿਲਾ ਨਵਾਂ ਸ਼ਹਰ ਟੈਲੀਫੋਨ 01885-72353

LD-225 61 ਸਾਲਾ ਕੱਦ 5'8'' ਦੁਹਾਜੂ, ਸਾਰੀਆਂ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਫਾਰਗ ਸਰਕਾਰੀ ਨੌਕਰੀ ਤੋਂ ਰਿਟਾਇਰਡ. ਆਪਣੀ ਕੋਠੀ ਦੇ ਮਾਲਕ 8000/- ਮਹੀਨਾ ਆਮਦਨ ਵਾਲੇ ਸਿੰਘ ਲਈ ਜੀਵਨ ਸਾਥਣ ਦੀ ਲੋੜ ਹੈ। ਬੀਬੀ ਅਣਵਿਆਹੀ ਜਾਂ ਵਿਧਵਾ, ਤਲਾਕਸ਼ੁਦਾ ਬਗੈਰ ਬੱਚੇ ਤੋਂ ਵੀ ਵਿਚਾਰਨ ਯੋਗ

LD-226 28 ਸਾਲਾ ਕੱਦ 5'5'' B Sc. B.ed. ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-227 26 ਸਾਲਾ ਕੱਦ 5' B.Sc. Bed. D. Pharnacy ਪਾਸ M.A. ਕਰ ਰਹੀ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-228 32 ਸਾਲਾ, ਕੱਦ 4'6''. M.A. Bed, ਸਿਲਾਈ ਕਟਾਈ ਤੇ ਘਰੇਲੂ ਕੰਮ ਵਿਚ ਮਾਹਿਰ ਬੀਬੀ ਲਈ ਯੋਗ ਘਰ ਦੀ ਲੋੜ ਹੈ।

LD-229 27 ਸਾਲਾ ਕੱਦ 5'7'', 10+2 ਪਾਸ 5000/- ਮਾਸਿਕ ਦੀ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਬਲਜਿੰਦਰ ਸਿੰਘ ਮਾਸਟਰ- | ੧੦੦/- | ਸ: ਵਰਿੰਦਰ ਪਾਲ ਸਿੰਘ- | ੨੫੦/- |
| ਸ: ਮਨਧੀਰ ਸਿੰਘ- | ੫੦/- | D.S.Soni Canada- | ੧੧Dollers- |
| ਬੀਬੀ ਪ੍ਰਿਤਪਾਲ ਕੌਰ- | ੬੦/- | | |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | ੫੦੦/- | ਸੁਖਮਨੀ ਸੇਵਾ ਇਸਤਰੀ | |
| ਗੁਪਤ- | ੧੦੦/- | ਸਤਸੰਗ ਲੁਧਿਆਣਾ M.T.- | ੧੦੦੦/- |
| ਗੁਪਤ- | ੧੦੦/- | ਭਾਈ ਬਚਿੱਤ੍ਰ ਸਿੰਘ U.K.- | ੧੦,੦੦੦/- |

## ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ

1. ਕਿਸੇ ਵੀ ਤਰਾਂ ਦੇ ਚਿੱਠੀ, ਪੱਤਰ, ਜਾਂ ਹੋਰ ਛਪਣ ਸਮੱਗਰੀ ਭੇਜਣ ਸਮੇਂ ਆਪਣਾ ਨਾਮ ਅਤੇ ਪੂਰਾ ਪਤਾ ਸਾਫ਼ ਸਪਸ਼ਟ ਲਿਖੋ ਜੀ। ਨਾਮ ਪਤੇ ਤੋਂ ਬਗੈਰ ਕਿਸੇ ਵੀ ਪੱਤਰ ਤੇ ਵਿਚਾਰ ਨਹੀਂ ਹੋਵੇਗੀ ਜੀ। 2. ਕੋਈ ਵੀ ਚਿੱਠੀ ਪੱਤਰ ਜਾਂ ਰਚਨਾ ਸਾਫ਼ ਸਪਸ਼ਟ ਲਿਖਾਈ ਵਿਚ ਲਿਖ ਕੇ ਭੇਜੋ ਜੀ ਤਾਂ ਕਿ ਸਮਝਣ ਵਿਚ ਕੋਈ ਭੁਲੇਖਾ ਨਾ ਲੱਗੇ।

## ਯੂ.ਕੇ. ਵਿਚ ਮੋਖ ਰਹਿਤ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖ਼ਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ, 11-AApollo Way PERRYBARR BIRMINGHIM - 20(U.K.)

www.AKJ.Org

Regd. No./12245/66 SURA/SEP/98 P.O. Regd. No. PB/LD/121/98

## ਅਣਥੱਕ ਸੇਵਾਦਾਰ ਗੁਰੂ ਸਵਾਰੇ ਭਾਈ ਬਲਵੰਤ ਸਿੰਘ ਜੀ ਫਿਰੋਜ਼ਪੁਰ



੨ ਫਰਵਰੀ ੧੯੨੮ ਨੂੰ ਜਨਮੇ ਭਾਈ ਬਲਵੰਤ ਸਿੰਘ ਜੀ ੧੯੭੨ ਤੋਂ ਲਗਾਤਾਰ ਅਖੰਡ ਕੀਰਤਨੀ ਜੱਥੇ ਵਿਚ ਸੰਗਤ ਦਾ ਨਿੱਘ ਮਾਣਦੇ ਰਹੇ ਅੰਮ੍ਰਿਤ ਛਕਣ ਵੇਲੇ ਤੋਂ ਆਖਰੀ ਸਵਾਸਾਂ ਤੱਕ ਰਹਿਤ ਰਹਿਣੀ ਵਿਚ ਪਰਪੱਕ ਗੁਰਮੁਖੀ ਜੀਵਨ ਬਿਤਾਉਂਦੇ ਰਹੇ। ਆਪ ਜੀ ਸੂਰਾ ਮਾਸਿਕ ਪੱਤਰ ਦੇ ਅਣਥੱਕ ਸੇਵਾਦਾਰ ਸਨ। ਜਿਸ ਵੀ ਸਮਾਗਮ ਤੇ 'ਸੂਰਾ' ਦੇ ਕੇਂਦਰੀ ਦਫ਼ਤਰ ਵੱਲੋਂ ਕਿਸੇ ਕਾਰਨ ਸੂਰਾ ਦਾ ਸਟਾਲ ਨਾ ਲੱਗਦਾ ਆਪ ਬਗੈਰ ਕਿਸੇ ਦੇ ਕਹੇ ਉਥੇ 'ਸੂਰਾ' ਦੇ ਚੰਦੇ ਭਰਾਉਣ ਦੀ ਨਿਸ਼ਕਾਮ ਸੇਵਾ ਕਰਦੇ। ਆਖਰ ਦਰਗਾਹੀ ਸੱਦੇ ਆਉਣ ਤੇ ਆਪ ੪ ਜੁਲਾਈ ੧੯੯੮ ਨੂੰ ਗੁਰਪੁਰੀ ਪਿਆਨਾ ਕਰ ਗਏ। 'ਸੂਰਾ' ਪਰਵਾਰ ਆਪ ਜੀ ਵੱਲੋਂ ਕੀਤੀ ਸੇਵਾ ਦਾ ਹਮੇਸ਼ਾ ਰਿਣੀ ਰਹੇਗਾ।

### ਗੁ: ਬਸਤੀ ਸ਼ੇਖ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਸਬੰਧ ਵਿਚ ੫ ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

### ਮਾਸਿਕ ਰੈਣਿ ਸਬਾਈ ਕੀਰਤਨ ਨਾਰੰਗਵਾਲ (ਲੁਧਿਆਣਾ) ਵਿਖੇ

ਭਾਈ ਨਰੈਣ ਸਿੰਘ ਜੀ ਦੀ ਯਾਦ ਵਿਚ ਗੁ ਅਕਾਲੀ ਵਾਲਾ ਵਿਖੇ ੧੨ ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ ।

### ਜਗਾਧਰੀ (ਹਰਿਆਣਾ) ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਹਰਭਜਨ ਸਿੰਘ ਜੀ ਦੇ ਗ੍ਰਿਹਿ ਕਲਿਆਣ ਨਗਰ ਵਿਖੇ ਬੱਚੀ ਦੇ ਅਨੰਦ ਕਾਰਜ ਮਿੱਥਣ ਦੀ ਖੁਸ਼ੀ ਵਿਚ ੨੦ ਸਤੰਬਰ ਐਤਵਾਰ ਸਵੇਰੇ ੬ ਵਜੇ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

### ਡਾ: ਗੁਰਚਰਨ ਸਿੰਘ ਝਾਂਡੇ ਵਾਲਿਆਂ ਦੇ ਭੁਜੰਗੀ ਦੇ ਅਨੰਦ ਕਾਰਜ ਤੇ ਕੀਰਤਨ ਸਮਾਗਮ

ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ੨੭ ਸਤੰਬਰ ਸਵੇਰੇ ੬ ਵਜੇ ਤੋਂ ੧੧ ਵਜੇ ਤੱਕ ਕਾਕਾ ਰਵਿੰਦਰ ਸਿੰਘ ਦੇ ਅਨੰਦ ਕਾਰਜ ਦੇ ਸਬੰਧ ਵਿਚ ਕੀਰਤਨ ਸਮਾਗਮ ਸਜਣਗੇ।

### ਪੰਜੋਖਰਾ ਸਾਹਿਬ ਵਿਖੇ ਭਾਈ ਆਤਮਾ ਸਿੰਘ ਜੀ ਦੀ ਯਾਦ ਵਿਚ ਅਖੰਡ ਕੀਰਤਨ ਸਮਾਗਮ

੨੬ ਸਤੰਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਸ਼ਾਮ ੭ ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ।

### ਦਿੱਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੩੦-੯-੯੮ ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ।

੧-੧੦-੯੮ ਵੀਰਵਾਰ ਸਵੇਰੇ ੫ ਤੋਂ ਦੁਪਹਿਰ ਤੱਕ ਗੁ: ਸੀਸ ਗੰਜ ਸਾਹਿਬ ਚਾਂਦਨੀ ਚੌਕ ਵਿਖੇ ਅਖੰਡ ਕੀਰਤਨ।
ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁ: ਨਾਨਕ ਪਿਆਓ ਸਾਹਿਬ ਵਿਖੇ।

੨-੧੦-੯੮ ਸ਼ੁਕਰਵਾਰ ਸਵੇਰੇ ੫ ਤੋਂ ਦੁਪਹਿਰ ੧ ਵਜੇ ਤੱਕ ਅਖੰਡ ਕੀਰਤਨ ਗੁ: ਬੰਗਲਾ ਸਾਹਿਬ ਵਿਖੇ
ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁ: ਬੰਗਲਾ ਸਾਹਿਬ ਵਿਖੇ।

੩-੧੦-੯੮ ਸ਼ਨੀਵਾਰ ਸਵੇਰੇ ੫ ਤੋਂ ਦੁਪਹਿਰ ੧ ਵਜੇ ਤੱਕ ਅਖੰਡ ਕੀਰਤਨ ਗੁ: ਬੰਗਲਾ ਸਾਹਿਬ ਵਿਖੇ।
ਸ਼ਾਮ ੭ ਵਜੇ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਗੁ ਰਕਾਬ ਗੰਜ ਦੀਵਾਨ ਹਾਲ ਵਿਖੇ।

੪-੧੦-੯੮ ਸਵੇਰੇ ੬ ਵਜੇ ਭੋਗ ਰੈਣਿ ਸਬਾਈ ਕੀਰਤਨ ।

ਅੰਮ੍ਰਿਤ ਸੰਚਾਰ:-੩-੧੦-੯੮ ਸ਼ਾਮ ੭ ਵਜੇ ਗੁ: ਰਕਾਬ ਗੰਜ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

ਅਨੰਦ ਕਾਰਜ:- ਦੀਵਾਨ ਹਾਲ ਗੁ: ਰਕਾਬ ਗੰਜ ਸਾਹਿਬ ਵਿਖੇ ੪ ਅਕਤੂਬਰ ਸਵੇਰੇ ੫ ਵਜੇ ਰੈਣਿ ਸਬਾਈ ਕੀਰਤਨ ਦੇ ਭੋਗ ਸਮੇਂ ਅਨੰਦ ਕਾਰਜ ਕਰਵਾਏ ਜਾਣਗੇ। ਪ੍ਰਤਿਸੋਗਤ ਪੰਨਾ ੩੨ ਤੇ-

ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ ਦੇਵ ਨਗਰ ਕਰੋਲ ਬਾਗ ਵਿਖੇ ਹੋਵੇਗਾ।

ਦਾਸਰੇ:- ਅਖੰਡ ਕੀਰਤਨੀ ਜੱਥਾ ਦਿੱਲੀ ਫੋਨ ੨੨੪੧੪੮੩.

### ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਤਰਨਤਾਰਨ ਵਿਖੇ ਕੀਰਤਨ ਸਮਾਗਮ

ਗਲੀ ਬਾਊ ਮੱਲ ਸਿੰਘ ਨਜ਼ਦੀਕ ਨੂਰ ਦੀ ਅੱਡਾ ਤਰਨਤਾਰਨ ਸਾਹਿਬ ਵਿਖੇ ੧੮ ਅਕਤੂਬਰ ਐਤਵਾਰ ਸਵੇਰੇ ਭੋਗ ਸ੍ਰੀ ਅਖੰਡ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਸਮਾਗਮ ਸਜਣਗੇ।

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

ਪਿੰਡ ਹਜ਼ਾਰਾ (ਜਲੰਧਰ) ਵਿਖੇ ੩੦੦ ਸਾਲਾ ਸਾਜਨਾ ਦਿਵਸ ਸਬੰਧੀ ਰੈਣ ਸਬਾਈ ਕੀਰਤਨ ੧੯ ਸਤੰਬਰ ਰਾਤ ਨੂੰ

www.AKJ.org